BEST DEAL TRAVEL INC.
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 12, Ending Date:Mar 22, 2024

IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ
* ਵਾਲ ਲਾਈਨਿੰਗ ਕਿੱਟ & ਫਲੋਰ
* ਸੇਫਟੀ ਪਾਰਟੀਸ਼ਨ
* ਡਰਾਅਰ ਸਿਸਟਮ
* ਲੈਡਰ ਰੈਕਸ
* ਵਰਕ ਬੈਂਚ
* ਲਾਈਟਿੰਗ
* ਕੰਪਰੈਸਰਜ
* ਪਾਵਰ ਇਨਵਰਟਰ
* ਸੀਟ ਕਵਰ
* ਅਸੈਸਰੀ
* ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
PH:604-599-0096
#7-12468-82Ave Surrey, BC, V3W 3E9
MONDAY TO FRIDAY 9am-5pm SATURDAY By appointments only SUNDAY CLOSED

# ਸੰਘ ਤੇ ਮੋਦੀ ਦਾ ਲੁਕਵਾਂ ਏਜੰਡਾ ਜੱਗ-ਜ਼ਾਹਰ ਹਿੰਦੂਤਵ ਨੂੰ ਬਚਾਉਂਣ ਲਈ ਸੰਵਿਧਾਨ ਬਦਲਣ ਦੀ ਲੋੜ

ਨਵੀਂ ਦਿੱਲੀ : ਕਰਨਾਟਕ ਦੇ ਭਾਜਪਾ ਸਾਂਸਦ ਅਨੰਤ ਕੁਮਾਰ ਹੈਗੜੇ ਦੇ ਨੇ ਕਿਹਾ ਕਿ ਭਾਜਪਾ ਵੱਲੋਂ ਸੰਵਿਧਾਨ ਨੂੰ ਮੁੜ ਲਿਖਣ ਲਈ ਐਤਕੀਂ ਲੋਕ ਸਭਾ ਦੀਆਂ 400 ਸੀਟਾਂ ਚਾਹੀਦੀਆਂ ਹਨ। ਉੱਤਰ ਕੰਨੜਾ ਤੋਂ ਸਾਂਸਦ ਹੈਗੜੇ ਨੇ ਕਿਹਾ ਕਿ ਕਾਂਗਰਸ ਆਗੂਆਂ ਨੇ ਬੀਤੇ ਵਿਚ ਸੰਵਿਧਾਨ ’ਚ ਇਸ ਤਰ੍ਹਾਂ ਸੋਧਾਂ ਕੀਤੀਆਂ ਕਿ ਹਿੰਦੂਵਾਦ ਅੱਗੇ ਨਾ ਆ ਸਕੇ। ਸਾਨੂੰ ਆਪਣੇ ਧਰਮ ਨੂੰ ਬਚਾਉਣ ਲਈ ਸੰਵਿਧਾਨ ਬਦਲਣ ਦੀ ਲੋੜ ਹੈ। ਲੋਕ ਸਭਾ ਵਿਚ ਸਾਡੇ ਕੋਲ ਦੋ-ਤਿਹਾਈ ਬਹੁਮਤ ਹੈ, ਪਰ ਸੰਵਿਧਾਨ ਬਦਲਣ ਲਈ ਰਾਜ ਸਭਾ ਵਿਚ ਨਹੀਂ। 400 ਤੋਂ ਵੱਧ ਸੀਟਾਂ ਆਉਣ ’ਤੇ ਅਸੀਂ ਸੰਵਿਧਾਨ ਬਦਲ ਸਕਾਂਗੇ। ਰਾਜਾਂ ਵਿਚ ਵੀ ਦੋ-ਤਿਹਾਈ ਬਹੁਮਤ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਲੋਕ ਸਭਾ, ਰਾਜ ਸਭਾ ਤੇ ਰਾਜਾਂ ਵਿਚ ਦੋ-ਤਿਹਾਈ ਬਹੁਮਤ ਚਾਹੀਦਾ ਹੈ। ਇਸ ਤੋਂ ਬਾਅਦ ਸੰਵਿਧਾਨ ਬਦਲ ਕੇ ਹਿੰਦੂਵਾਦ ਨੂੰ ਅੱਗੇ ਲਿਆਉਣ ਦੇ ਰਾਹ ਵਿਚ ਸਾਰੀਆਂ ਰੁਕਾਵਟਾਂ ਦੂਰ ਹੋ ਜਾਣਗੀਆਂ।ਦੇਸ਼ ਹਿੰਦੂ ਰਾਸ਼ਟਰ ਬਣ ਜਾਵੇਗਾ। ਰਾਹੁਲ ਗਾਂਧੀ ਨੇ ਕਿਹਾ ਹੈ ਕਿ ਭਾਜਪਾ ਸਾਂਸਦ ਦਾ ਬਿਆਨ ਕਿ ਉਨ੍ਹਾਂ ਨੂੰ 400 ਸੀਟਾਂ ਸੰਵਿਧਾਨ ਬਦਲਣ ਲਈ ਚਾਹੀਦੀਆਂ ਹਨ, ਨਰਿੰਦਰ ਮੋਦੀ ਤੇ ਉਨ੍ਹਾ ਦੇ ਸੰਘ ਪਰਵਾਰ ਦੇ ਲੁਕਵੇਂ ਮਨਸੂਬਿਆਂ ਦਾ ਜਨਤਕ ਐਲਾਨ ਹੈ। ਨਰਿੰਦਰ ਮੋਦੀ ਤੇ ਭਾਜਪਾ ਦਾ ਅੰਤਮ ਨਿਸ਼ਾਨਾ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਖਤਮ ਕਰਨਾ ਹੈ। ਉਨ੍ਹਾਂ ਨੂੰ ਇਨਸਾਫ, ਬਰਾਬਰੀ, ਨਾਗਰਿਕ ਅਧਿਕਾਰ ਤੇ ਜਮਹੂਰੀਅਤ ਤੋਂ ਨਫਰਤ ਹੈ। ਸਮਾਜ ਨੂੰ ਵੰਡ ਕੇ, ਮੀਡੀਆ ਨੂੰ ਗੁਲਾਮ ਬਣਾ ਕੇ, ਪ੍ਰਗਟਾਵੇ ਦੀ ਆਜ਼ਾਦੀ ’ਤੇ ਪਹਿਰਾ ਲਾ ਕੇ ਅਤੇ ਆਜ਼ਾਦ ਸੰਸਥਾਵਾਂ ਨੂੰ ਨਿੱਸਲ ਕਰਕੇ ਆਪੋਜ਼ੀਸ਼ਨ ਨੂੰ ਮਿਟਾਉਣ ਦੀ ਸਾਜ਼ਿਸ਼ ਨਾਲ ਉਹ ਭਾਰਤ ਦੀ ਮਹਾਨ ਜਮਹੂਰੀਅਤ ਨੂੰ ਤੰਗਨਜ਼ਰ ਤਾਨਾਸ਼ਾਹੀ ਵਿਚ ਬਦਲਣਾ ਚਾਹੁੰਦੇ ਹਨ। ਅਸੀਂ ਆਜ਼ਾਦੀ ਦੇ ਨਾਇਕਾਂ ਦੇ ਸੁਫਨਿਆਂ ਨਾਲ ਇਹ ਖੜਯੰਤਰ ਸਫਲ ਨਹੀਂ ਹੋਣ ਦੇਵਾਂਗੇ ਅਤੇ ਆਖਰੀ ਸਾਹ ਤੱਕ ਸੰਵਿਧਾਨ ਨਾਲ ਮਿਲੇ ਜਮਹੂਰੀ ਅਧਿਕਾਰਾਂ ਦੀ ਲੜਾਈ ਲੜਦੇ ਰਹਾਂਗੇ। ਸੰਵਿਧਾਨ ਦਾ ਹਰ ਸਿਪਾਹੀ, ਖਾਸ ਕਰਕੇ ਦਲਿਤ, ਆਦਿਵਾਸੀ, ਪੱਛੜੇ ਤੇ ਘੱਟਗਿਣਤੀਆਂ ਜਾਗਣ, ਆਪਣੀ ਆਵਾਜ਼ ਉਠਾਉਣ-ਇੰਡੀਆ ਤੁਹਾਡੇ ਨਾਲ ਹੈ।

# ਬੰਦੀ ਸਿੰਘਾਂ ਦੀ ਰਿਹਾਈ, ਜੇਲ੍ਹ ਬਦਲੀ ਅਤੇ ਕਿਸਾਨੀ ਅੰਦੋਲਨ ਨੂੰ ਸਮਰਪਿਤ ਸਰੀ ਕੈਨੇਡਾ ਵਿਖੇ ਨਿਕਾਲਿਆ ਗਿਆ ਪੈਦਲ ਰੋਸ ਮਾਰਚ



ਨਵੀਂ ਦਿੱਲੀ -ਪੰਜਾਬ ਅਤੇ ਭਾਰਤ ਦੀ ਮੌਜੂਦਾ ਸਟੇਟ ਅਤੇ ਕੇਂਦਰ ਸਰਕਾਰ ਵੱਲੋਂ ਡਿਬਰੂਗੜ ਅਸਾਮ ਦੀ ਜੇਲ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਅਤੇ ਉਸ ਦੇ ਨਾਲ ਦੇ ਸਿੰਘਾਂ ਉੱਪਰ ਹੋ ਰਹੇ ਅਣਮਨੁੱਖੀ ਤਸ਼ੱਦਦ ਦੇ ਵਿਰੋਧ ਵਿੱਚ ਕੈਨੇਡਾ ਸਰੀ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋ ਇੱਕ ਬਹੁਤ ਵੱਡਾ ਪੈਦਲ ਰੋਸ ਮਾਰਚ ਕੀਤਾ ਗਿਆ । ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਤੋਂ ਸਰਬੱਤ ਦੇ ਭਲੇ, ਬੰਦੀ ਸਿੰਘਾਂ ਦੀ ਰਿਹਾਈ, ਦੇਹ ਅਰੋਗਤਾ ਅਤੇ ਕਿਸਾਨੀ ਮੋਰਚੇ ਦੀ ਜਿੱਤ ਲਈ ਕੀਤੀ ਗਈ ਅਰਦਾਸ ਨਾਲ ਪੈਦਲ ਮਾਰਚ ਸ਼ੂਰੂ ਹੋਇਆ । ਸ਼ਹਿਰ ਅੰਦਰ ਤਕਰੀਬਨ ਦੋ ਘੰਟੇ ਪੈਦਲ ਮਾਰਚ ਕਰਦੇ ਹੋਏ ਸਿੰਘ ਸਿੰਘਣੀਆਂ ਬੀਬੀਆਂ, ਬੱਚੇ ਅਤੇ ਬਜ਼ੁਰਗ ਨੇ ਹੱਥਾਂ ਵਿੱਚ ਖਾਲਸਾਈ ਨਿਸ਼ਾਨ ਦੇ ਝੰਡੇ ਅਤੇ ਭਾਰਤ ਅੰਦਰ ਹੋ ਰਹੇ ਜ਼ੁਲਮਾਂ ਦੇ ਬੈਨਰ ਫੜਕੇ ਰੋਸ ਮਾਰਚ ਕੀਤਾ । ਰੋਸ ਮਾਰਚ ਅੰਦਰ ਨਿੱਕੇ ਨਿੱਕੇ ਬੱਚਿਆਂ ਸਮੇਤ ਬੀਬੀਆਂ ਬਜ਼ੁਰਗ ਅਤੇ ਨੌਜੁਆਨ ਵੱਡੀ ਗਿਣਤੀ ਅੰਦਰ ਸ਼ਾਮਿਲ ਹੋ ਕੇ ਨਾਹਰੇ ਲਗਾਉਂਦੇ ਹੋਏ ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਪਹੁੰਚੇ । ਰੋਸ ਮਾਰਚ ਵਿਚ ਸ਼ਾਮਿਲ ਬੁਲਾਰਿਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਜਦੋ ਤਕ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਹੁੰਦੀ ਉਨ੍ਹਾਂ ਨੂੰ ਤੁਰੰਤ ਪੰਜਾਬ ਦੀ ਜੇਲ੍ਹ ਅੰਦਰ ਬਦਲਿਆ ਜਾਏ । ਬੁਲਾਰਿਆਂ ਨੇ ਕਿਸਾਨਾਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਤਸ਼ੱਦਦ ਦੀ ਨਿੰਦਿਆਂ ਕਰਦਿਆਂ ਉਨ੍ਹਾਂ ਦੀਆਂ ਮੰਗਾ ਨੂੰ ਮੰਨਣ ਵਾਸਤੇ ਵੀ ਕਿਹਾ । ਪੈਦਲ ਰੋਸ ਮਾਰਚ ਦੀ ਸਮਾਪਤੀ ਤੇ ਗੁਰੂ ਪਾਤਸ਼ਾਹ ਅੱਗੇ ਸਮੂਹ ਬੰਦੀ ਸਿੰਘ ਦੀ ਜਲਦ ਰਿਹਾਈ ਅਤੇ ਉਹਨਾਂ ਦੇ ਪਰਿਵਾਰਾਂ ਦੀ ਚੜਦੀ ਕਲਾ ਦੀ ਅਰਦਾਸ ਉਪਰੰਤ ਪ੍ਰਬੰਧਕਾਂ ਵਲੋਂ ਪੈਦਲ ਮਾਰਚ ਵਿੱਚ ਸ਼ਾਮਿਲ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ
ਕੰਸਟਰਕਸ਼ਨ ਮੌਰਟਗੇਜ
ਕਮਰਸ਼ੀਅਲ ਲੋਨ
ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ
ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ
ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ,
ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

TD
Sukhvir Singh Dheria
Manager, Mobile Mortgage Specialist
778-982-0888
sukhvir.dheria@td.com
Easy Mortgage Approvals

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims ⏵ ਆਈ. ਸੀ. ਬੀ. ਕਲੇਮਜ਼
• Private Claims ⏵ ਪ੍ਰਾਈਵੇਟ ਕਲੇਮਜ਼
• Free Courtesy Cars ⏵ ਫਰੀ ਕਰਟਸੀ ਕਾਰ
• Auto Glass Replacement ⏵ ਆਟੋ ਗਲਾਸ ਰਿਪਲੇਸਮੈਂਟ
• Free Estimates ⏵ ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜ਼ਿਊਲਰਜ਼ ਲਿ:
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
20 YEARS Anniversary
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ

GOYAL CONSULTANT & PRINTING SERVICES
Contact:1-604-993-3037
2 Locations to Serve You
ABBOTSFORD 2599 Cedar Park Pl | SURREY 12436-74Ave
Email: goyalconsultants7@gmail.com
We are open 7 days a week
08:00 AM TO 09:00 PM
(By Appointment Only)
• ਇੰਡੀਅਨ ਪਾਸਪੋਰਟ ਐਪਲੀਕੇਸ਼ਨ(ਰੀਨਿਊ/ਨਾਮ ਬਦਲੀ)
• ਇੰਡੀਅਨ ਵੀਜ਼ਾ ਐਪਲੀਕੇਸ਼ਨ
• ਓਸੀਆਈ ਐਪਲੀਕੇਸ਼ਨ
• ਪੁਲਿਸ ਕਲੀਅਰੈਂਸ ਸਰਟੀਫਿਕੇਸ਼ਨ ਐਪਲੀਕੇਸ਼ਨ
• ਕਨੇਡੀਅਨ ਪਾਸਪੋਰਟ ਐਪਲੀਕੇਸ਼ਨ (ਨਵੀਂ/ਰੀਨਿਊ)
• ਯੂ ਐਸ ਵੀਜ਼ਾ ਐਪਲੀਕੇਸ਼ਨ ਅਤੇ ਅਪਾਇੰਟਮੈਂਟ
• Schengen ਵੀਜ਼ਾ ਐਪਲੀਕੇਸ਼ਨ (ਯੂਰਪ)
• ਯੂਕੇ/ਆਸਟਰੇਲੀਆ/ਨਿਊਜ਼ੀਲੈਂਡ ਵੀਜ਼ਾ ਐਪਲੀਕੇਸ਼ਨ


FARM AND SPICE
Daily Specials on
Open 7 Days a Week
8.30 am to 9.00 pm
Special Offers
March 15-21
ਐਸੋਟਿਡ ਕੁਕੀਜ਼
Toasted tradition
Assorted Cookies 1.5 Lbs
$5.99 each
ਧਨੀਆ
Cilantro
79¢ each
ਨਿੰਬੂ
Lemon
2 for $1.00
ਸੇਬ
Apple
Ambrosia/Gala/
Red Delicious
99¢ /lb
ਘੀਆ
Opo Long
$1.49 /lb
ਚੁਕੰਦਰ
Beets
$1.49 /lb
ਟਮਾਟਰ
Tomatoes
Roma
$1.49 /lb
ਅਦਰਕ
Ginger
$1.99 /lb
ਫੁਲ ਗੋਬੀ
Cauliflower
$2.99 each
ਭਿੰਡੀ
Okra USA
$3.99 each
ਸ਼ਾਨ ਵਰਮੀਸੈਲੀ
Shan
Vermicelli
2 for 99¢
ਰੂਹ ਆਫਜ਼ਾ
Roohafza
Pakistani 800ml
$3.99 each
ਸ਼ੇਰ ਵੇਸਣ
Sher
Besan 4lb
$3.99 each
ਖਜੂਰ
Datcha
Dates 680 g
$6.99 each
ਬਾਸਮਤੀ ਚਾਵਲ
Elite Rice
Super long Basmati
8lb
$9.99 each
ਸਾਨੀਆ ਤੇਲ
Sania Oil
Sunflower 5 ltr
$16.99 each
ਲਕਸ਼ਮੀ ਆਟਾ
Luxmi (20 lb)
Chakki Atta
$19.99 each
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਪੰਜਾਬੀ ਪ੍ਰੈਸ ਕਲੱਬ ਬੀ.ਸੀ ਵੱਲੋਂ ਭਾਰਤ ਸਰਕਾਰ ਦੀ ਨਿਖੇਧੀ – ਭਾਰਤ ਵਿੱਚ ਕੈਨੇਡਾ ਦੇ ਸਰਕਾਰੀ ਪ੍ਰਸਾਰਕ ਸੀਬੀਸੀ ਦੀ ‘ਫਿਫਥ ਅਸਟੇਟ’ ਡਾਕੂਮੈਂਟਰੀ ਤੇ ਪਾਬੰਧੀ

ਸਰੀ:- ਭਾਰਤ ਸਰਕਾਰ ਵੱਲੋਂ ਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਸੰਬੰਧੀ ਇੱਕ ਦਸਤਾਵੇਜ਼ੀ ਉੱਪਰ ਰੋਕ ਲਗਾ ਦਿੱਤੀ ਗਈ ਹੈ।ਸੀਬੀਸੀ ਦੀ ਖ਼ਬਰ ਮੁਤਾਬਕ ਯੂਟਿਊਬ ਵੱਲੋਂ ਭੇਜੀ ਗਈ ਇੱਕ ਈਮੇਲ ਵਿੱਚ ਕਿਹਾ ਕਿ ਉਨ੍ਹਾਂ ਨੂੰ ਭਾਰਤ ਦੇ ਇਲਕੈਟਰਾਨਿਕਸ ਐਂਡ ਇਨਫਰਮੇਸ਼ਨ ਟੈਕਨਾਲੋਜੀ ਮੰਤਰਾਲੇ ਵੱਲੋਂ ਇਸ ਸਟੋਰੀ ਦੀ ਵੀਡੀਓ ਦੀ ਪਹੁੰਚ ਬਲਾਕ ਕਰਨ ਦੇ ਹੁਕਮ ਮਿਲੇ ਹਨ।ਸੀਬੀਸੀ ਦੇ ਦਿ ਫਿਫਥ ਸਟੇਟ ਯੂਟਿਊਬ ਚੈਨਲ ਉੱਪਰ ਇਹ ਵੀਡੀਓ ਜਾਰੀ ਕੀਤੀ ਗਈ ਸੀ।ਕੈਨੇਡਾ ਵਿੱਚ ਰਹਿ ਰਹੇ ਸਿੱਖ ਆਗੂ ਮਰਹੂਮ ਹਰਦੀਪ ਸਿੰਘ ਨਿੱਝਰ ਦਾ ਪਿਛਲੇ ਸਾਲ ਜੂਨ ਵਿੱਚ ਸਰੀ ਦੇ ਇੱਕ ਗੁਰਦੁਆਰੇ ਤੋਂ ਬਾਹਰ ਨਿਕਲਦੇ ਸਮੇਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਹਾਲਾਂਕਿ ਵੀਡੀਓ ਉੱਪਰ ਭਾਰਤ ਵਿੱਚ ਨਹੀਂ ਦੇਖੀ ਜਾ ਸਕਦੀ ਪਰ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਇਹ ਅਜੇ ਵੀ ਦੇਖੀ ਜਾ ਸਕਦੀ ਹੈ।ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਅੱਜ ਇਹ ਮਤਾ ਪਾਸ ਕੀਤਾ ਗਿਆ।ਕੈਨੇਡਾ ਦੇ ਕੌਮੀ ਚੈਨਲ ਸੀਬੀਸੀ ਵੱਲੋਂ “ਫਿਫਥ ਅਸਟੇਟ” ਦੇ ਬੈਨਰ ਹੇਠ ਤਿਅਰ ਕੀਤੀ ਗਈ ਦਸਤਾਵੇਜ਼ੀ ਫਿਲਮ “ਕਾਂਟਰੈਕਟ ਟੂ ਕਿੱਲ” ਉੱਤੇ ਭਾਰਤ ਸਰਕਾਰ ਨੇ ਪਾਬੰਦੀ ਲਾ ਦਿੱਤੀ ਹੈ।ਇਸ ਦਸਤਾਵੇਜ਼ੀ ਫਿਲਮ ਵਿੱਚ ਉਹ ਤੱਥ ਪੇਸ਼ ਕੀਤੇ ਗਏ ਸਨ, ਜੋ ਭਾਰਤੀ ਗੋਦੀ ਮੀਡੀਏ ਵੱਲੋਂ ਹੁਣ ਤੱਕ ਪ੍ਰਚਾਰੇ ਜਾਂਦੇ ਝੂਠ ਨੂੰ ਨੰਗਾ ਕਰਦੇ ਸਨ ਅਤੇ ਨਾਲ ਹੀ ਲੋਕਾਈ ਨੂੰ ਅਸਲੀਅਤ ਤੋਂ ਜਾਣੂੰ ਕਰਵਾਉਂਦੇ ਸਨ। ਲੋਕਾਂ ਤੱਕ ਸੱਚ ਪਹੁੰਚਣਾ ਬੇਹੱਦ ਜ਼ਰੂਰੀ ਸੀ। ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਭਾਰਤ ਸਰਕਾਰ ਦੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਜਾਂਦੀ ਹੈ।ਡਾ. ਗੁਰਵਿੰਦਰ ਸਿੰਘ ਪੰਜਾਬੀ ਪ੍ਰੈਸ ਕਲੱਬ ਦਾ ਇਹ ਕਦਮ ਇਤਿਹਾਸਿਕ ਅਤੇ ਸ਼ਲਾਘਾਯੋਗ ਹੈ। ਮੀਡੀਏ ਦੀ ਆਜ਼ਾਦੀ ਤੇ ਹਮਲੇ ਅਤੇ ਮੀਡੀਏ ਦੇ ਹੱਕਾਂ ਤੇ ਉੱਪਰ ਡਾਕੇ ਦੀ ਪੁਰਜ਼ੋਰ ਨਿੰਦਾ ਸਹੀ ਕਦਮ ਹੈ।

# ਅਮਰੀਕੀ ਸ਼ਹਿਰ ਨੇ ਅਪ੍ਰੈਲ ਨੂੰ ‘ਸਿੱਖ ਵਿਰਾਸਤੀ ਮਹੀਨਾ’ ਐਲਾਨ ਕੀਤਾ

ਜਰਸੀ: ਜਰਸੀ ਸਿਟੀ ਮਿਊਂਸਪਲ ਕੌਂਸਲ ਨੇ ਅਪ੍ਰੈਲ ਨੂੰ ‘ਸਿੱਖ ਵਿਰਾਸਤੀ ਮਹੀਨੇ’ ਵਜੋਂ ਮਾਨਤਾ ਦੇਣ ਦੇ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿਤੀ ਹੈ। ਇਸ ਕਦਮ ਦਾ ਉਦੇਸ਼ ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਅਤੇ ਵੱਧ ਰਹੇ ਵਿਤਕਰਿਆਂ ਦੇ ਵਿਚਕਾਰ ਅਪਣੇਪਨ ਨੂੰ ਉਤਸ਼ਾਹਤ ਕਰਨਾ ਹੈ। ਜਰਸੀ ਸਿਟੀ ਮਿਊਂਸੀਪਲ ਕੌਂਸਲ ’ਚ ਮਤਾ 9-0 ਨਾਲ ਪਾਸ ਹੋ ਗਿਆ।ਮਤੇ ’ਚ ਦਸਿਆ ਗਿਆ ਹੈ ਕਿ ਸਿੱਖ ਧਰਮ, ਦੁਨੀਆਂ ਦਾ ਪੰਜਵਾਂ ਸੱਭ ਤੋਂ ਵੱਡਾ ਧਰਮ ਹੈ, ਜਿਸ ਨੂੰ ਮੰਨਣ ਵਾਲੇ ਦੁਨੀਆਂ ਭਰ ’ਚ 3 ਕਰੋੜ ਅਤੇ ਅਮਰੀਕਾ ’ਚ 5 ਲੱਖ ਲੋਕ ਹਨ। ਇਹ ਧਰਮ ਲੋਕਾਂ ਨੂੰ ਸੱਚਾ ਜੀਵਨ, ਮਨੁੱਖਤਾ ਦੀ ਸੇਵਾ ਅਤੇ ਰੱਬ ਦੀ ਭਗਤੀ ਕਰਨ ਦੀ ਸਿੱਖਿਆ ਦਿੰਦਾ ਹੈ, ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਰੱਬ ਦੀਆਂ ਨਜ਼ਰਾਂ ’ਚ ਹਰ ਮਨੁੱਖ ਬਰਾਬਰ ਹੈ। ਮਤੇ ’ਚ ਕਿਹਾ ਗਿਆ ਹੈ ਕਿ ਸਿੱਖ ਸਮਾਜ ’ਚ ਪਾਏ ਅਪਣੇ ਯੋਗਦਾਨ ਲਈ ਜਾਣੇ ਜਾਂਦੇ ਹੈ, ਜਿਵੇਂ ਕਿ ਜ਼ਰੂਰਤਮੰਦਾਂ ਨੂੰ ਮੁਫਤ ਭੋਜਨ ਪ੍ਰਦਾਨ ਕਰਨਾ।

# ਚੀਨ ਪੱਖੀ ਨੇਤਾ ਦੇ ਆਦੇਸ਼ ਤੋਂ ਬਾਅਦ ਭਾਰਤੀ ਫੌਜਾਂ ਨੇ ਮਾਲਦੀਵ ਤੋਂ ਵਾਪਸੀ ਸ਼ੁਰੂ ਕੀਤੀ

ਦਿੱਲੀ:ਭਾਰਤ ਅਤੇ ਮਾਲਦੀਵ ਦੋਵੇਂ ਦੇਸ਼ 10 ਮਈ ਤੱਕ 89 ਭਾਰਤੀ ਸੈਨਿਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਸਟਾਫ ਨੂੰ ਮਾਲਦੀਵ ਦੇਸ਼ ਤੋਂ ਵਾਪਸ ਬੁਲਾਉਣ ਲਈ ਸਹਿਮਤ ਹੋ ਗਏ ਹਨ।ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਚੀਨ ਪੱਖੀ ਨਵੇਂ ਰਾਸ਼ਟਰਪਤੀ ਦੁਆਰਾ ਮਾਲਦੀਵ ਵਿੱਚ ਭਾਰਤੀ ਫੌਜੀ ਕਰਮਚਾਰੀਆਂ ਨੂੰ ਦੇਸ਼ ਛੱਡਣ ਦਾ ਆਦੇਸ਼ ਦਿੱਤੇ ਜਾਣ ਤੋਂ ਬਾਅਦ ਭਾਰਤ ਨੇ ਉਨ੍ਹਾਂ ਨੂੰ ਵਾਪਸ ਲੈਣਾ ਸ਼ੁਰੂ ਕਰ ਦਿੱਤਾ ਹੈ।

ਚੀਨ ਪੱਖੀ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਅਕਤੂਬਰ 2023 ਵਿਚ ਭਾਰਤੀ ਫੌਜੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੇ ਵਾਅਦੇ ‘ਤੇ ਸੱਤਾ ਵਿਚ ਆਏ ਸਨ।ਨਵੀਂ ਦਿੱਲੀ ਨਾਲ ਗੱਲਬਾਤ ਤੋਂ ਬਾਅਦ, ਦੋਵੇਂ ਧਿਰਾਂ 10 ਮਈ ਤੱਕ 1,192 ਛੋਟੇ ਟਾਪੂਆਂ ਵਾਲੇ ਦੇਸ਼ ਤੋਂ ਭਾਰਤੀ ਸੈਨਿਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਸਟਾਫ ਦੀ ਵਾਪਸੀ ਨੂੰ ਪੂਰਾ ਕਰਨ ਲਈ ਸਹਿਮਤ ਹੋ ਗਈਆਂ ਹਨ।

# ਆਮ ਆਦਮੀ ਪਾਰਟੀ ਨੇ ਸੁਖਬੀਰ ਬਾਦਲ ਦੇ ਮਲੰਗ ਬਿਆਨ ਦੀ ਕੀਤੀ ਸਖ਼ਤ ਨਿਖੇਧੀ, ਕਿਹਾ– ਇਹ ਉਹਨਾਂ ਦੀ ਜਗੀਰੂ ਸੋਚ



ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਨੇ ਸੁਖਬੀਰ ਬਾਦਲ ਵੱਲੋਂ ‘ਆਪ’ ਵਿਧਾਇਕਾਂ ਨੂੰ ‘ਮਲੰਗ’ ਕਹਿਣ ਦੇ ਬਿਆਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਬਿਆਨ ਉਨ੍ਹਾਂ ਦੀ ਜਾਗੀਰਦਾਰੀ ਸੋਚ ਨੂੰ ਦਰਸਾਉਂਦਾ ਹੈ।ਬੁੱਧਵਾਰ ਨੂੰ ਚੰਡੀਗੜ੍ਹ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ‘ਆਪ’ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਨੂੰ ਪਾਰਟੀ ਵਰਕਰਾਂ ਨੇ ਨਹੀਂ, ਸਗੋਂ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੇ ਲੋਕਤੰਤਰੀ ਢੰਗ ਨਾਲ ਚੁਣਿਆ ਹੈ। ਇਸ ਲਈ ਸੁਖਬੀਰ ਬਾਦਲ ਨੂੰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਬਿਆਨ ਤੋਂ ਪਤਾ ਲੱਗਦਾ ਹੈ ਕਿ ਸੁਖਬੀਰ ਬਾਦਲ ਦਾ ਆਮ ਲੋਕਾਂ ਪ੍ਰਤੀ ਵਤੀਰਾ ਰਾਜਾਸ਼ਾਹੀ ਦੀ ਪਰਜਾ ਵਰਗਾ ਹੈ। ਇਹ ਲੋਕ ਆਮ ਪੰਜਾਬੀਆਂ ਨੂੰ ਆਪਣਾ ਸੇਵਕ ਸਮਝਦੇ ਹਨ ਅਤੇ ਸੱਤਾ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ।ਇਹ ਲੋਕ ਆਮ ਲੋਕਾਂ ਨੂੰ ਕੀੜੇ-ਮਕੌੜੇ ਸਮਝਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਵੱਡੀਆਂ-ਵੱਡੀਆਂ ਕਾਰਾਂ ਅਤੇ ਵੱਡੀਆਂ ਜਾਇਦਾਦਾਂ ਵਾਲੇ ਹੀ ਵਿਧਾਇਕ ਮੰਤਰੀ ਬਣਨੇ ਚਾਹੀਦੇ ਹਨ, ਜਿਨ੍ਹਾਂ ਨੂੰ ਸਿਰਫ਼ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਆਪਣੇ ਨਿੱਜੀ ਫਾਇਦੇ ਦੀ ਚਿੰਤਾ ਹੈ।ਨਿੱਜੀ ਲਾਭ ਲਈ ਸੁਖਬੀਰ ਬਾਦਲ ਨੇ ਆਪਣੀ ਸਰਕਾਰ ਵੇਲੇ ਕੈਬਨਿਟ ਮੀਟਿੰਗ ਵਿੱਚ ਪ੍ਰਸਤਾਵ ਪਾਸ ਕਰਵਾ ਕੇ ਆਪਣੇ ਹੋਟਲ ਲਈ ਜੰਗਲਾਤ ਵਿਭਾਗ ਦੀ ਜ਼ਮੀਨ ਲੈ ਲਈ ਅਤੇ ਟਰਾਂਸਪੋਰਟ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਕੇ ਆਪਣੀਆਂ ਲਗਜ਼ਰੀ ਬੱਸਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੰਗ ਨੇ ਕਿਹਾ ਕਿ ਤਿੰਨੋਂ ਪਾਰਟੀਆਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਜਾਗੀਰਦਾਰੀ ਸੋਚ ਵਾਲੇ ਲੋਕਾਂ ਨਾਲ ਭਰੀਆਂ ਹੋਈਆਂ ਹਨ। ਕੁਝ ਮਹੀਨੇ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਜਲੰਧਰ ‘ਚ ‘ਆਪ’ ਵਿਧਾਇਕਾਂ ‘ਤੇ ਟਿੱਪਣੀ ਕੀਤੀ ਸੀ ਅਤੇ ਪੁੱਛਿਆ ਸੀ ਕਿ ਕਿਸ ਤਰ੍ਹਾਂ ਦੀਆਂ ਚੀਜ਼ਾਂ ਆਈਆਂ ਹਨ। ਸੁਨੀਲ ਜਾਖੜ ਵੀ ਇਸੇ ਮਾਨਸਿਕਤਾ ਦਾ ਬੰਦਾ ਹੈ।ਕੰਗ ਨੇ ਕਿਹਾ ਕਿ ਅਕਾਲੀ ਦਲ ਬਾਦਲ ਪੰਥਕ ਪਾਰਟੀ ਹੋਣ ਦਾ ਝੂਠਾ ਦਾਅਵਾ ਕਰਦਾ ਹੈ ਅਤੇ ਸੁਖਬੀਰ ਬਾਦਲ ਦੀ ਪੰਜਾਬ ਬਚਾਓ ਯਾਤਰਾ ਪੰਜਾਬ ਅਤੇ ਪੰਥ ਨੂੰ ਬਚਾਉਣ ਲਈ ਨਹੀਂ ਹੈ। ਇਹ ਯਾਤਰਾ ਪਰਿਵਾਰ ਬਚਾਉਣ ਦੀ ਯਾਤਰਾ ਹੈ। ਪੰਜਾਬ ਨੂੰ ਇਨ੍ਹਾਂ ਲੁਟੇਰਿਆਂ ਤੋਂ ਬਚਾਉਣ ਲਈ, ਜਿਨ੍ਹਾਂ ਨੇ ਕਈ ਪੀੜ੍ਹੀਆਂ ਤੱਕ ਪੰਜਾਬ ‘ਤੇ ਰਾਜ ਕੀਤਾ, ਆਪਣੇ ਵੱਡੇ-ਵੱਡੇ ਅੰਪਾਇਰ ਲਗਾਏ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਦਰ-ਦਰ ਭਟਕਣ ਲਈ ਮਜਬੂਰ ਕੀਤਾ।










## ‘ਚੀਨ –ਭਾਰਤ ਤਣਾਅ’

# ਚੀਨ ਨੇ ਸਰਹੱਦੀ ਖੇਤਰ ਵਿੱਚ ਭਾਰਤ ਵੱਲੋਂ ਬਣਾਈ ਸੁਰੰਗ ਦੇ ਉਦਘਾਟਨ ਦੀ ਕੀਤੀ ਨਿੰਦਾ :ਭਾਰਤੀ ਗਤੀਵਿਧੀਆਂ ਸ਼ਾਂਤੀ ਰੱਖਣ ਵਾਲੀਆਂ ਨਹੀਂ:ਚੀਨ

ਬੀਜਿੰਗ:-ਚੀਨ ਨੇ ਚੀਨ-ਭਾਰਤ ਸਰਹੱਦ ਦੇ ਪੂਰਬੀ ਸੈਕਟਰ ਵਿੱਚ ਇੱਕ ਸੁਰੰਗ ਦੇ ਉਦਘਾਟਨ ਕਰਨ ਸਮੇਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਜ਼ਰੀ 'ਤੇ ਭਾਰਤ ਪ੍ਰਤੀ ਸਖ਼ਤ ਅਸੰਤੁਸ਼ਟੀ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਭਾਰਤ ਨੂੰ ਚੀਨ ਦੇ ਜ਼ੈਂਗਨਾਨ, ਜਾਂ ਜ਼ਿਜ਼ਾਂਗ ਖੁਦਮੁਖਤਿਆਰ ਖੇਤਰ ਦੇ ਦੱਖਣੀ ਹਿੱਸੇ ਨੂੰ ਵਿਕਸਤ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੈਂਗ ਵੇਨਬਿਨ ਨੇ ਨੂੰ ਕਿਹਾ, "ਜ਼ੰਗਨਾਨ ਚੀਨ ਦਾ ਖੇਤਰ ਹੈ। ਚੀਨੀ ਸਰਕਾਰ ਕਦੇ ਵੀ ਭਾਰਤ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਸਥਾਪਤ ਅਰੁਣਾਚਲ ਪ੍ਰਦੇਸ਼ ਨੂੰ ਮਾਨਤਾ ਨਹੀਂ ਦਿੰਦੀ ਅਤੇ ਦ੍ਰਿੜਤਾ ਨਾਲ ਵਿਰੋਧ ਕਰਦੀ ਹੈ। ਜਦੋਂ ਕਿ ਕੁਝ ਸਮਾਂ ਪਹਿਲਾਂ ਗੱਲਬਾਤ ਦੌਰਾਨ, ਦੋਵੇਂ ਧਿਰਾਂ ਫੌਜੀ ਅਤੇ ਕੂਟਨੀਤਕ ਮਾਧਿਅਮਾਂ ਰਾਹੀਂ ਸੰਚਾਰ ਜਾਰੀ ਰੱਖਣ ਅਤੇ ਜਲਦੀ ਤੋਂ ਜਲਦੀ ਦੋਵਾਂ ਧਿਰਾਂ ਦੁਆਰਾ ਸਵੀਕਾਰ ਕੀਤੇ ਗਏ ਮਤਿਆਂ ਲਈ ਕੰਮ ਕਰਨ ਲਈ ਸਹਿਮਤ ਹੋਏ ਸਨ ਤਾਂ ਜੋ ਸਰਹੱਦੀ ਖੇਤਰ ਦੀ ਸਥਿਤੀ ਵਿੱਚ ਸੁਧਾਰ ਹੋ ਸਕੇ।ਪਰ ਭਾਰਤ ਵੱਲੋਂ ਸੁਰੰਗ ਦਾ ਉਦਘਾਟਨ ਕਰਨ ਤੇ ਚੀਨ ਸਖਤ ਨਰਾਜ਼ ਦੱਸਿਆ ਜਾ ਰਿਹਾ ਹੈ। ਬੀਜਿੰਗ ਨੇ ਭਾਰਤ ਵੱਲੋਂ ਚੀਨ ਨਾਲ ਲੱਗਦੀ ਸਰਹੱਦ 'ਤੇ 10,000 ਸੈਨਿਕ ਤਾਇਨਾਤ ਕੀਤੇ ਜਾਣ ਦੀ ਵੀ ਸਖਤ ਨਿੰਦਾ ਕੀਤੀ ਹੈ।ਰਾਇਟਰਜ਼ ਨੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਦੇ ਹਵਾਲੇ ਨਾਲ ਕਿਹਾ ਕਿ "ਚੀਨ ਸਰਹੱਦੀ ਖੇਤਰਾਂ ਦੀ ਸ਼ਾਂਤੀ ਅਤੇ ਸਥਿਰਤਾ ਦੀ ਸੁਰੱਖਿਆ ਲਈ ਭਾਰਤ ਨਾਲ ਕੰਮ ਕਰਨ ਲਈ ਵਚਨਬੱਧ ਹੈ।" "ਚੀਨ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਭਾਰਤ ਦੀਆਂ ਗਤੀਵਿਧੀਆਂ ਸ਼ਾਂਤੀ ਰੱਖਣ ਲਈ ਅਨਕੂਲ ਅਤੇ ਤਣਾਅ ਨੂੰ ਘੱਟ ਕਰਨ ਵਾਲੇ ਵੀ ਨਹੀਂ ਹਨ।" ਆਊਟਲੈਟ ਨੇ ਅੱਗੇ ਕਿਹਾ ਕਿ ਭਾਰਤੀ ਫੌਜ ਅਤੇ ਭਾਰਤੀ ਰੱਖਿਆ ਮੰਤਰਾਲੇ ਨੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਨਵੀਂ ਦਿੱਲੀ ਨੇ 2021 ਵਿਚ ਲੱਦਾਖ ਵਿੱਚ ਇੱਕ ਘਾਤਕ ਸਰਹੱਦੀ ਝੜਪ, ਜਿਸ ਵਿੱਚ 20 ਭਾਰਤੀ ਅਤੇ ਘੱਟੋ-ਘੱਟ ਤਿੰਨ ਚੀਨੀ ਸੈਨਿਕਾਂ ਦੀ ਮੌਤ ਹੋ ਗਈ ਸੀ,ਤੋਂ ਬਾਅਦ ਚੀਨ ਦੀ ਸਰਹੱਦ 'ਤੇ 50,000 ਸੈਨਿਕਾਂ ਦੀ ਤਾਇਨਾਤੀ ਕੀਤੀ, ਬਾਅਦ ਵਿਚ ਦੋਵੇਂ ਦੇਸ਼ ਫੌਜੀ ਜਹਾਜ਼ਾਂ, ਟੈਂਕਾਂ ਅਤੇ ਮਿਜ਼ਾਈਲਾਂ ਨੂੰ ਸਰਹੱਦ ਦੇ ਨੇੜੇ ਲੈ ਗਏ, ਜਿਸ ਨਾਲ ਤਣਾਅ ਵਧ ਗਿਆ।ਦੋਵਾਂ ਦੇਸ਼ਾਂ ਵਿਚਕਾਰ ਸਰਹੱਦ ਉੱਪਰ ਖੇਤਰੀ ਦਾਅਵੇ ਵੱਖੋ ਵੱਖਰੇ ਹਨ ਇਸ ਨਾਲ ਕਈ ਹਿੰਸਕ ਝੜਪਾਂ ਹੋਈਆਂ ਅਤੇ 1962 ਵਿਚ ਪੂਰੀ ਤਰ੍ਹਾਂ ਨਾਲ ਜੰਗ ਹੋਈ ਸੀ ਤੇ ਚੀਨ ਨੇ ਹਜ਼ਾਰਾਂ ਵਰਗ ਕਿਲੋਮੀਟਰ ਤੇ ਕਬਜ਼ਾ ਕਰ ਲਿਆ ਸੀ।

# ਅਮਰੀਕੀ ਅਧਿਕਾਰੀ ਚੀਨ ਨੂੰ ਖੁਫੀਆ ਜਾਣਕਾਰੀ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ

ਵਾਸ਼ਿੰਗਟਨ:ਚੀਨ ਨੂੰ ਰਾਸ਼ਟਰੀ ਰੱਖਿਆ ਸੰਬੰਧੀ ਜਾਣਕਾਰੀ ਦੇਣ ਦੇ ਦੋਸ਼ 'ਚ ਅਮਰੀਕੀ ਫੌਜ ਦੇ ਖੁਫੀਆ ਅਧਿਕਾਰੀ ਨੂੰ ਗ੍ਰਿਫਤਾਰ ਕੀਤਾ ਗਿਆ ।ਨਿਆਂ ਵਿਭਾਗ ਨੇ ਇੱਕ ਬਿਆਨ ਵਿੱਚ ਕਿਹਾ, ਸਾਰਜੈਂਟ ਕੋਰਬੀਨ ਸ਼ੁਲਟਜ਼ ਨੂੰ ਕੈਂਟਕੀ-ਟੈਨਸੀ ਸਰਹੱਦ 'ਤੇ ਇੱਕ ਫੌਜੀ ਅੱਡੇ ਫੋਰਟ ਕੈਂਪਬੈਲ ਤੋਂ ਹਿਰਾਸਤ ਵਿੱਚ ਲਿਆ ।ਪ੍ਰੈਸ ਰਿਪੋਰਟਾਂ ਅਨੁਸਾਰ ਉਹ ਚੀਨ ਨੂੰ ਅਮਰੀਕੀ ਫੌਜ ਦੀਆਂ ਜਾਣਕਾਰੀਆਂ ਦੇ ਰਿਹਾ ਸੀ। ਦੋਸ਼ਾਂ ਦੇ ਅਨੁਸਾਰ, ਸ਼ੁਲਟਜ਼ ਨੇ ਜੂਨ 2022 ਤੋਂ ਅਮਰੀਕੀ ਰਾਸ਼ਟਰੀ ਰੱਖਿਆ ਨਾਲ ਸਬੰਧਤ ਦਸਤਾਵੇਜ਼ਾਂ, ਨਕਸ਼ਿਆਂ ਅਤੇ ਫੋਟੋਆਂ ਹਾਂਗਕਾਂਗ ਵਿੱਚ ਇੱਕ ਸੰਪਰਕ ਨੂੰ ਪ੍ਰਦਾਨ ਕੀਤੀਆਂ ਹਨ।ਸ਼ੁਲਟਜ਼ ਨੂੰ ਕਥਿਤ ਤੌਰ 'ਤੇ ਜਾਣਕਾਰੀ ਲਈ $42,000 ਦਾ ਭੁਗਤਾਨ ਕੀਤਾ ਗਿਆ ਸੀ।ਨਿਆਂ ਵਿਭਾਗ ਨੇ ਕਿਹਾ ਕਿ ਇਸ ਵਿੱਚ ਤਾਈਵਾਨ ਦੇ ਫੌਜੀ ਹਮਲੇ ਦੇ ਅਧੀਨ ਆਉਣ ਦੀ ਸਥਿਤੀ ਵਿੱਚ ਸੰਭਾਵਿਤ ਅਮਰੀਕੀ ਯੋਜਨਾਵਾਂ ਬਾਰੇ ਜਾਣਕਾਰੀ ਸ਼ਾਮਲ ਹੈ।ਇਸ ਵਿੱਚ ਲੜਾਕੂ ਜਹਾਜ਼ਾਂ ਅਤੇ ਹੈਲੀਕਾਪਟਰਾਂ, ਹਾਈਪਰਸੋਨਿਕ ਉਪਕਰਨ, ਹਾਈ ਮੋਬਿਲਿਟੀ ਆਰਟਿਲਰੀ ਰਾਕੇਟ ਸਿਸਟਮ ਅਤੇ ਅਮਰੀਕਾ ਅਤੇ ਚੀਨੀ ਫੌਜ ਬਾਰੇ ਅਧਿਐਨ ਨਾਲ ਸਬੰਧਤ ਦਸਤਾਵੇਜ਼ ਵੀ ਸ਼ਾਮਲ ਹਨ।

# ਭਾਜਪਾ ਦੀ ਸੰਸਦ ਮੈਂਬਰ ਕਿਰਨ ਖੇਰ ਨੇ ਦਲਿਤ ਭਾਈਚਾਰੇ ਦਾ ਕੀਤਾ ਅਪਮਾਨ

ਚੰਡੀਗੜ੍ਹ, -ਆਮ ਆਦਮੀ ਪਾਰਟੀ (ਆਪ) ਚੰਡੀਗੜ੍ਹ ਨੇ ਸੰਸਦ ਮੈਂਬਰ ਕਿਰਨ ਖੇਰ ਦੇ ਚੰਡੀਗੜ੍ਹ ਦੇ ਦਲਿਤ ਮੇਅਰ ਕੁਲਦੀਪ ਕੁਮਾਰ ਪ੍ਰਤੀ ਵਤੀਰੇ ਦੀ ਸਖ਼ਤ ਆਲੋਚਨਾ ਕੀਤੀ ਹੈ। ‘ਆਪ’ ਨੇ ਕਿਹਾ ਕਿ ਸਾਂਸਦ ਨੇ ਸਾਡੇ ਮੇਅਰ ਅਤੇ ਦਲਿਤ ਭਾਈਚਾਰੇ ਨਾਲ ਵਿਤਕਰਾ ਕੀਤਾ। ‘ਆਪ’ ਚੰਡੀਗੜ੍ਹ ਦੇ ਸਹਿ-ਇੰਚਾਰਜ ਡਾਕਟਰ ਸੰਨੀ ਆਹਲੂਵਾਲੀਆ ਨੇ ਬੁੱਧਵਾਰ ਨੂੰ ਪਾਰਟੀ ਤੋਂ ਜਾਰੀ ਇਕ ਬਿਆਨ ‘ਚ ਕਿਹਾ ਕਿ ਮੰਗਲਵਾਰ ਨੂੰ ਗਵਰਨਰ ਹਾਊਸ ‘ਚ ਇਕ ਪ੍ਰੋਗਰਾਮ ‘ਚ ਸੰਸਦ ਮੈਂਬਰ ਕਿਰਨ ਖੇਰ ਨੇ ਸਾਡੇ ਮੇਅਰ ਦੇ ਭਾਸ਼ਣ ਤੋਂ ਬਾਅਦ ਮਾਈਕ ਨੂੰ ਸੈਨੀਟਾਈਜ਼ ਕਰਨ ਲਈ ਕਿਹਾ। ਭਾਜਪਾ ਅਤੇ ਇਸ ਦੇ ਆਗੂ ਹਮੇਸ਼ਾ ਹੀ ਦਲਿਤ ਵਿਰੋਧੀ ਰਹੇ ਹਨ ਅਤੇ ਚੁਣੇ ਹੋਏ ਨੁਮਾਇੰਦੇ ਪ੍ਰਤੀ ਅਜਿਹਾ ਵਿਤਕਰਾ ਉਨ੍ਹਾਂ ਦੀ ਵਿਚਾਰਧਾਰਾ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਚੰਡੀਗੜ੍ਹ ਦੇ ਪਹਿਲੇ ਨਾਗਰਿਕ ਦਾ ਅਪਮਾਨ ਹੀ ਨਹੀਂ ਕੀਤਾ ਸਗੋਂ ਦਲਿਤ ਭਾਈਚਾਰੇ ਨੂੰ ਵੀ ਠੇਸ ਪਹੁੰਚਾਈ ਹੈ। ਇਹ ਦੁੱਖ ਦੀ ਗੱਲ ਹੈ ਕਿ ਅਜਿਹੇ ਲੋਕ ਅਤੇ ਸੋਚ ਅਜੇ ਵੀ ਮੌਜੂਦ ਹੈ। ਉਨਾਂ ਨੇ ਕਿਹਾ ਕਿ ਸੰਸਦ ਮੈਂਬਰ ਦੀ ਸੋਚ ਨਿੰਦਣਯੋਗ ਹੈ। ਉਨ੍ਹਾਂ ਨੇ ਕਿਰਨ ਖੇਰ ਤੋਂ ਤੁਰੰਤ ਮੁਆਫ਼ੀ ਮੰਗਣ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਉਹ ਮੁਆਫ਼ੀ ਨਹੀਂ ਮੰਗਦੀ ਤਾਂ ਆਮ ਆਦਮੀ ਪਾਰਟੀ ਉਨ੍ਹਾਂ ਖ਼ਿਲਾਫ਼ ਪ੍ਰਦਰਸ਼ਨ ਕਰੇਗੀ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Immigration & Settlement Inc.
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕਿਸਾਨਾਂ ਉੱਤੇ ਕੀਤੇ ਜਾ ਰਹੇ ਜੋਰ-ਜ਼ੁਲਮ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਪੂਰਨ ਹਿਮਾਇਤ: ਅਖੰਡ ਕੀਰਤਨੀ ਜਥਾ

ਨਵੀਂ ਦਿੱਲੀ-ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਜੀਵਨ ਜਾਚ "ਘਾਲਿ ਖਾਇ ਕਿਛੁ ਹਥਹੁ ਦੇਇ॥" ਉੱਤੇ ਅਮਲ ਕਰਦਿਆਂ ਆਪਣੇ ਹੱਥੀਂ ਆਪਣੀਆਂ ਜ਼ਮੀਨਾਂ ਉੱਤੇ ਕਿਰਤ ਕਰਦੇ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੇ ਹੱਕਾਂ ਉੱਤੇ ਪੈ ਰਹੇ ਡਾਕੇ ਨੂੰ ਰੋਕਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਅਖੰਡ ਕੀਰਤਨੀ ਜਥਾ ਪੂਰਨ ਹਿਮਾਇਤ ਕਰਦਾ ਹੈ ਅਤੇ ਨਿਜ-ਸਵਾਰਥੀ ਅਤੇ ਰਾਜ-ਹਠ ਵਿੱਚ ਅੰਨ੍ਹੀ ਹੋਈ ਸਰਕਾਰ ਵੱਲੋਂ ਕਿਸਾਨਾਂ ਉੱਤੇ ਕੀਤੇ ਜਾ ਰਹੇ ਜੋਰ-ਜ਼ੁਲਮ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ । ਅਖੰਡ ਕੀਰਤਨੀ ਜਥਾ 31 ਮੈਂਬਰੀ ਕਮੇਟੀ ਵਲੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਗਿਆ ਕਿ ਭਾਰਤ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ 2021 ਵਿੱਚ ਕਿਸਾਨ-ਮਾਰੂ ਕਾਲੇ ਕਾਨੂੰਨ ਲਾਗੂ ਕੀਤੇ ਸਨ ਜਿਸਨੂੰ ਕਿਸਾਨਾਂ ਨੇ ਇੱਕ ਸਾਲ ਦੀ ਜਦੋਜਹਿਦ ਤੋਂ ਬਾਅਦ ਵਾਪਸ ਕਰਵਾਇਆ ਸੀ । ਉਸ ਸਮੇਂ ਕਾਨੂੰਨ ਵਾਪਸ ਲੈਂਦਿਆਂ ਸਰਕਾਰ ਨੇ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ, ਉਹਨਾਂ ਵਿੱਚ ਕਿਸਾਨਾਂ ਦੀ ਜਿਣਸ ਨੂੰ ਘੱਟੋ ਘੱਟ ਸਮਰਥਨ ਮੁੱਲ ਦੇਣਾ, ਕਿਸਾਨਾਂ ਦੇ ਕਰਜ਼ਿਆਂ ਦੀ ਮਾਫੀ ਅਤੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਪੈਨਸ਼ਨ ਦੇਣਾ ਆਦਿ ਸ਼ਾਮਲ ਸਨ, ਉਹ ਪੂਰੇ ਨਹੀਂ ਕੀਤੇ ਗਏ । ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਮੰਨਵਾਉਣ ਲਈ ਮੁੜ ਪੰਜਾਬ ਦੇ ਕਿਸਾਨਾਂ ਵੱਲੋਂ ਜੋ ਅੰਦੋਲਨ ਵਿੱਢਿਆ ਗਿਆ ਹੈ ਨਾ ਸਿਰਫ ਅਜਿਹਾ ਕਰਨਾ ਉਹਨਾਂ ਦਾ ਮਨੁੱਖੀ ਹੱਕ ਹੈ ਬਲਕਿ ਇਹ ਅੰਦੋਲਨ ਨਿੱਜੀ ਸਵਾਰਥਾਂ ਲਈ ਨਹੀਂ ਹੈ ਬਲਕਿ ਅਨਿਆਂ ਦੇ ਖਿਲਾਫ ਸ਼ੁਰੂ ਕੀਤੀ ਮੁਹਿੰਮ ਹੈ ਅਤੇ ਪਰਉਪਕਾਰੀ ਵੀ ਹੈ ।

# ਮੁਸਲਿਮ, ਰੌਹਿਗਿਆਂ ਅਤੇ ਹੋਰਨਾਂ ਨੂੰ ਮੁਲਕ ਦੇ ਨਾਗਰਿਕ ਮੰਨਣ ਤੋ ਇਨਕਾਰ ਕਰਨ ਵਾਲੇ ਸੀ.ਏ.ਏ. ਕਾਨੂੰਨ ਨੂੰ ਪ੍ਰਵਾਨ ਨਹੀ ਕੀਤਾ ਜਾ ਸਕਦੈ : ਮਾਨ

ਨਵੀਂ ਦਿੱਲੀ-"ਇੰਡੀਆਂ ਦਾ ਵਿਧਾਨ ਇਥੇ ਵੱਸਣ ਵਾਲੀਆਂ ਵੱਖ-ਵੱਖ ਕੌਮਾਂ, ਧਰਮਾਂ, ਕਬੀਲਿਆ ਆਦਿ ਨੂੰ ਬਰਾਬਰ ਦੇ ਹੱਕ ਪ੍ਰਦਾਨ ਕਰਦਾ ਹੋਇਆ ਉਨ੍ਹਾਂ ਸਭਨਾਂ ਨੂੰ ਆਪਣੇ ਨਾਗਰਿਕ ਹੋਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ । ਭਾਵੇਕਿ ਉਹ ਮੁਲਕ ਦੇ ਕਿਸੇ ਵੀ ਸ਼ਹਿਰ, ਪਿੰਡ, ਕਸਬੇ, ਸੂਬੇ ਆਦਿ ਵਿਚ ਕਿਉਂ ਨਾ ਰਹਿੰਦੇ ਹੋਣ । ਲੇਕਿਨ ਜੋ ਬੀਜੇਪੀ-ਆਰ.ਐਸ.ਐਸ ਦੀ ਫਿਰਕੂ ਹਕੂਮਤ ਨੇ ਸੀ.ਏ.ਏ. ਦਾ ਨਵਾਂ ਕਾਨੂੰਨ ਲਿਆਂਦਾ ਹੈ, ਇਹ ਇਥੇ ਵੱਸਣ ਵਾਲੀ ਘੱਟ ਗਿਣਤੀ ਮੁਸਲਿਮ ਕੌਮ ਅਤੇ ਕਬੀਲਿਆ ਦੇ ਇੰਡੀਅਨ ਨਾਗਰਿਕਾਂ ਦੇ ਹੱਕ ਦੇਣ ਤੋ ਵਾਂਝਾ ਕਰਦਾ ਹੈ । ਜੋ ਕਿ ਵਿਤਕਰੇ ਭਰੀ ਬੇਇਨਸਾਫ਼ੀ ਵਾਲੀ ਕਾਰਵਾਈ ਹੈ । ਅਜਿਹਾ ਕਾਨੂੰਨ ਹੁਕਮਰਾਨਾਂ ਨੇ ਮੁਸਲਿਮ ਤੇ ਕਈ ਹੋਰਨਾਂ ਨੂੰ ਦਬਾਉਣ ਤੇ ਆਪਣਾ ਗੁਲਾਮ ਬਣਾਉਣ ਹਿੱਤ ਮੰਦਭਾਵਨਾ ਅਧੀਨ ਲਿਆਂਦਾ ਹੈ । ਜਿਸ ਕਾਨੂੰਨ ਦੀ ਭਾਵਨਾ ਹੀ ਵਿਤਕਰੇ ਭਰੀ ਹੋਵੇ ਉਸਨੂੰ ਕਿਵੇ ਪ੍ਰਵਾਨ ਕੀਤਾ ਜਾ ਸਕਦਾ ਹੈ ? ਇਹ ਕਾਨੂੰਨ ਹੁਕਮਰਾਨਾਂ ਨੂੰ ਦੁਰਵਰਤੋ ਕਰਕੇ ਵੱਡੀ ਗਿਣਤੀ ਵਿਚ ਵੱਸਣ ਵਾਲੇ ਮੁਸਲਿਮ ਤੇ ਹੋਰ ਕਈ ਵਰਗਾਂ ਉਤੇ ਜ਼ਬਰ ਕਰਨ ਦੀ ਖੁੱਲ੍ਹ ਦੇਵੇਗਾ ਤਾਂ ਕਿ ਇਸ ਕਾਨੂੰਨ ਦਾ ਸਹਾਰਾ ਲੈਕੇ ਘੱਟ ਗਿਣਤੀ ਕੌਮਾਂ ਵਿਚ ਦਹਿਸਤ ਪਾਈ ਜਾ ਸਕੇ ਅਤੇ ਉਨ੍ਹਾਂ ਨੂੰ ਦੂਜੇ-ਤੀਜੇ ਦਰਜੇ ਦੇ ਸ਼ਹਿਰੀ ਕਹਿਲਾਉਣ ਲਈ ਮਜਬੂਰ ਕੀਤਾ ਜਾ ਸਕੇ । ਜਦੋਕਿ ਸਾਡੇ ਗੁਰੂ ਸਾਹਿਬਾਨ ਨੇ ਤਾਂ ਹਰ ਤਰ੍ਹਾਂ ਦੇ ਸਮਾਜਿਕ ਵਿਤਕਰੇ, ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ ਆਦਿ ਦੇ ਵਰਤਾਰੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਸਮੁੱਚੀ ਮਨੁੱਖਤਾ ਦੀ ਬਿਨ੍ਹਾਂ ਕਿਸੇ ਭੇਦਭਾਵ ਤੋ ਵਿਚਰਣ ਦੀ ਗੱਲ ਉਤੇ ਜੋਰ ਦਿੱਤਾ ਹੈ । ਜਦੋਕਿ ਉਪਰੋਕਤ ਕਾਲਾ ਕਾਨੂੰਨ ਇਥੋ ਦੇ ਨਿਵਾਸੀਆਂ ਵਿਚ ਦਰਜਾਬੰਦੀ ਕਰਕੇ ਉੱਚ ਜਾਤੀਆਂ ਤੇ ਘੱਟ ਗਿਣਤੀ ਕੌਮਾਂ ਵਿਚ ਨਫਰਤ ਨੂੰ ਵਧਾਏਗਾ । ਜਿਸ ਨੂੰ ਕਤਈ ਪ੍ਰਵਾਨ ਨਹੀ ਕੀਤਾ ਜਾ ਸਕਦਾ ।"

## ਨਿੱਝਰ ਕਤਲਕਾਂਡ : ਭਾਰਤ ਖ਼ਿਲਾਫ਼

# ਕੈਨੇਡਾ ਦੇ ਦਾਅਵਿਆਂ 'ਤੇ ਫਾਈਵ ਆਈਜ਼ ਪਾਰਟਨਰ ਨਿਊਜ਼ੀਲੈਂਡ ਵੱਲੋਂ ਸ਼ੱਕ ਜ਼ਾਹਿਰ

ਆਕਲੈਂਡ:-ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਸ ਜੋ ਭਾਰਤ ਦੇ ਦੌਰੇ ਤੇ ਹਨ ,ਨੇ ਕੈਨੇਡਾ ਦੇ ਇਸ ਦਾਅਵੇ 'ਤੇ ਸ਼ੱਕ ਪ੍ਰਗਟਾਇਆ ਹੈ ਕਿ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤ ਦਾ ਹੱਥ ਹੈ।ਤੁਹਾਨੂੰ ਦੱਸ ਦੇਈਏ ਕਿ ਨਿਊਜ਼ੀਲੈਂਡ ਫਾਈਵ-ਆਈਜ਼ ਨਾਮਕ ਖੁਫੀਆ ਗਠਜੋੜ ਦਾ ਮੈਂਬਰ ਹੈ। ਨਿਊਜ਼ੀਲੈਂਡ ਤੋਂ ਇਲਾਵਾ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਇਸਦੇ ਹੋਰ ਮੈਂਬਰ ਹਨ। ਦੱਸਿਆ ਜਾ ਰਿਹਾ ਹੈ ਕਿ ਨਿੱਝਰ ਮਾਮਲੇ ਨੂੰ ਲੈ ਕੇ ਨਿਊਜ਼ੀਲੈਂਡ ਨੂੰ ਕੈਨੇਡਾ ਤੋਂ ਕੁਝ ਖੁਫੀਆ ਜਾਣਕਾਰੀ ਮਿਲੀ ਹੈ।ਪਰ ਨਿਊਜ਼ੀਲੈਂਡ ਨੂੰ ਉਸ 'ਤੇ ਭਰੋਸਾ ਨਹੀਂ ਹੈ।ਇਕ ਇੰਟਰਵਿਊ 'ਚ ਪੀਟਰਸ ਨੇ ਕੈਨੇਡਾ ਵੱਲੋਂ ਮੁਹੱਈਆ ਕਰਵਾਏ ਗਏ ਸਬੂਤਾਂ 'ਤੇ ਸ਼ੱਕ ਪ੍ਰਗਟਾਇਆ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਨਿਊਜ਼ੀਲੈਂਡ ਨੇ ਭਾਰਤ ਨੂੰ ਆਪਣੇ ਸਟੈਂਡ ਦੀ ਜਾਣਕਾਰੀ ਦਿੱਤੀ ਹੈ? ਇਸ 'ਤੇ ਪੀਟਰਸ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਹੈਂਡਲ ਕਰਨ ਵਾਲਿਆਂ ਵਿਚ ਸ਼ਾਮਲ ਨਹੀਂ ਸਨ।ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੇ ਅਧਿਕਾਰੀ ਇਸ ਮਾਮਲੇ ਨੂੰ ਦੇਖ ਰਹੇ ਹਨ। ਪੀਟਰਸ ਭਾਰਤ ਦੇ ਦੌਰੇ 'ਤੇ ਹਨ। ਪੀਟਰਸ ਨੇ ਕਿਹਾ, "ਦੇਖੋ,ਮੈਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਨਹੀਂ ਸੀ।ਇਹ ਮਾਮਲਾ ਪਿਛਲੀ ਸਰਕਾਰ ਦੁਆਰਾਹੈਂਡਲ ਕੀਤਾ ਗਿਆ ਸੀ। ਕਈ ਵਾਰ ਜਦੋਂ ਤੁਸੀਂ ਫਾਈਵ-ਆਈਜ਼ ਤੋਂ ਜਾਣਕਾਰੀ ਸੁਣ ਰਹੇ ਹੁੰਦੇ ਹੋ, ਤਾਂ ਤੁਸੀਂ ਇਹ ਸੁਣਦੇ ਹੋ, ਤੁਸੀਂ ਕੁੱਛ ਨਹੀਂ ਕਹਿੰਦੇ ਹੋ। ਇਹ (ਜਾਣਕਾਰੀ) ਤੁਹਾਡੇ ਤੋਂ ਹੋ ਕੇ ਅੱਗੇ ਵੱਧ ਜਾਂਦੀ ਹੈ।


ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

ਧੰਨ ਧੰਨ ਬਾਬਾ ਅਤਰ ਸਿੰਘ ਜੀ
ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜਨਮ 17 ਮਾਰਚ 1866 ਈਸਵੀ ਨੂੰ ਨਗਰ ਚੀਮਾ ਰਿਆਸਤ ਪਟਿਆਲਾ (ਅੱਜ ਕੱਲ ਜਿਲਾ ਸੰਗਰੂਰ) ਵਿੱਚ ਸਤਿਕਾਰ ਯੋਗ ਬਾਬਾ ਕਰਮ ਸਿੰਘ ਅਤੇ ਮਾਤਾ ਭੋਲੀ ਕੌਰ ਦੇ ਕੁੱਖੋਂ ਹੋਇਆ।
ਸੰਤ ਜੀ ਨੂੰ ਨਾਮ ਸਿਮਰਨ ਦੀ ਤਾਂਘ ਲੱਗੀ ਰਹਿੰਦੀ ਸੀ।ਖੇਤੀ ਬਾੜੀ ਅਤੇ ਘਰ ਦਾ ਕੰਮ ਕਰਦੇ ਸਮੇਂ ਵਾਹਿਗੁਰੂ ਸਬਦ ਵਿੱਚ ਲੀਨ ਰਹਿੰਦੇ।ਚੜ੍ਹਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋਏ ।ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦੀ ਪਾਹੁਲ ਦੀ ਦਾਤ ਪ੍ਰਾਪਤ ਕਰਕੇ
ਗੁਰੂ ਕਲਗੀਧਰ ਦੇ ਦਰਸ਼ਨਾ ਦੀ ਤਾਂਘ ਜਾਗੀ। ਨੌਕਰੀ ਛੱਡ ਕੇ ਸ੍ਰੀ ਹਜੂਰ ਸਾਹਿਬ ਚਲੇ ਗਏ।ਆਪਜੀ ਨੇ ਗੁਰਬਾਣੀ ਨੂੰ ਧਾਰਨਾ ਵਿੱਚ ਗਾਕੇ ਆਮ ਲੋਕਾਂ ਨੂੰ ਸਿੱਖੀ ਵੱਲ ਪ੍ਰੇਰਤ ਕੀਤਾ।ਉਨਾ ਨੂੰ ਖੰਡੇ 'ਬਾਟੇ ਦੀ ਪਾਹੁਲ' ਛਕਾ ਕੇ ਗੁਰੂ ਵਾਲੇ ਬਣਾਇਆ।
ਸਿੱਖੀ ਪ੍ਰਚਾਰ ਦੇ ਨਾਲ ਨਾਲ ਉਨਾ ਨੇ ਬਹੁਤ ਸਾਰੇ ਸਕੂਲ ਕਾਲਜ਼ ਵੀ ਸਥਾਪਤ ਕੀਤੇ ਤਾਂ ਕਿ ਗੁਰਮਤਿ ਦੇ ਨਾਲ ਦੁਨਿਆਵੀ ਪੜ੍ਹਾਈ ਵੀ ਗ੍ਰਹਿਣ ਕੀਤੀ ਜਾ ਸਕੇ।
ਉਨਾ ਦੀ ਯਾਦ ਵਿੱਚ ਗੁਰਦਵਾਰਾ ਗੁਰ ਸਾਗਰ ਮਸਤੂਆਣਾ ਸਰੀ ਵਿਖੇ ਵੀ ਗੁਰਮਤਿ ਪ੍ਰਚਾਰ ਕੀਤਾ ਜਾ ਰਿਹਾ ਹੈ।ਇੰਟਰਨੈਸ਼ਨਲ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਅਤੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।
ਇਸ ਹਫਤੇ ਆਉ ਸਾਰੇ ਰਲ਼ ਮਿਲਕੇ ਸ਼ਰਧਾ ਭਾਵਨਾ ਨਾਲ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜਨਮ ਦਿਹਾੜਾ (ਪ੍ਰਧਾਨ ਮਹਿੰਦਰ ਸਿੰਘ ਜੀ ਮਹਿਸਮਪੁਰੀ ਅਤੇ ਪ੍ਰਬੰਧਕ ਤੇ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ) ਮਿਤੀ 15-16-17 ਮਾਰਚ (ਸ਼ੁਕਰ-ਸ਼ਨੀ-ਐਤ) ਨੂੰ ਮਨਾਈਏ ਸਭ ਸੰਗਤਾਂ ਦਰਸ਼ਨ ਦਿਉ ਜੀ।

ਪ੍ਰੋਗਰਾਮ
15 ਮਾਰਚ ਸ਼ੁਕਰਵਾਰ ਨੂੰ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜ਼ੇ (ਹਾਲ ਨੰ.2) ਵਿੱਚ ਅਖੰਡਪਾਠ ਦੀ ਸੇਵਾ (ਗਿੱਲ ਪ੍ਰੀਵਾਰ,ਤੂਰ ਪ੍ਰੀਵਾਰ) ਅਤੇ ਸੰਗਰੂਰ ਇਲਾਕੇ ਦੀਆ ਸਮੂਹ ਸੰਗਤਾਂ ਵੱਲੋਂ ਹੋਵੇਗੀ।
-15 ਮਾਰਚ ਸ਼ੁਕਰ ਨੂੰ ਅਨੰਦ ਕਾਰਜ਼ ਸਮਾਗਮ (ਮੇਨ ਹਾਲ ਵਿੱਚ)
-16 ਮਾਰਚ ਸ਼ਨੀ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਬੀਬੀਆਂ ਦੇ ਜਥੇ ਵੱਲੋਂ।
-16 ਮਾਰਚ ਸ਼ਨੀਵਾਰ ਸ਼ਾਮ 5:30 ਤੋਂ 8:30 ਵਜ਼ੇ ਤੱਕ (ਹਫਤਾਵਾਰੀ ਕੀਰਤਨ ਦੀਵਾਨ)।
-17 ਮਾਰਚ ਐਤਵਾਰ ਨੂੰ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਸਵੇਰੇ 9 ਵਜ਼ੇ। ਉਪ੍ਰੰਤ ਮੇਨ ਹਾਲ ਵਿੱਚ ਹਫਤਾਵਾਰੀ ਦੀਵਾਨ ਦੁਪਿਹਰ 1 ਵਜ਼ੇ ਤੱਕ ਸਜਣਗੇ।ਜਿਸ ਵਿੱਚ ਹਜ਼ੂਰੀ ਰਾਗੀ ਭਾਈ ਸਤਿਨਾਮ ਸਿੰਘ ਜੀ ਬੰਬੀਹਾ (ਲੁਧਿਆਣੇਂ ਵਾਲੇ)
ਬਾਬਾ ਭਗਵੰਤ ਸਿੰਘ ਜੀ ( ਰਾੜਾ ਸਾਹਿਬ ਸੰਪ੍ਰਦਾਇ)ਅਤੇ
ਬਾਬਾ ਜਗਜੀਤ ਸਿੰਘ ਖਾਰੇ ਵਾਲੇ ਸੰਤ ਸੇਵਕ ਜਥਾ) ਵੀ ਦੀਵਾਨ ਸਜਾਉਂਣਗੇ।
ਨੋਟ:- ਸ੍ਰੀ ਜਪੁਜੀ ਸਾਹਿਬ ਦੀ ਕਥਾ ਹਰ ਰੋਜ਼ ਸ਼ਾਮੀ 7:15 ਤੋਂ 8:15 ਤੱਕ ਹੁੰਦੀ ਹੈ।
ਵਿਸ਼ੇਸ਼ ਨੋਟ :-ਸੰਤ ਤੇਜਾ ਸਿੰਘ ਜੀ ਦੀ ਬਰਸੀ 1 ਜੁਲਾਈ ਨੂੰ ਮਨਾਈ ਜਾ ਰਹੀ ਹੈ।ਬਰਸੀ ਦੇ ਸਬੰਧ ਵਿੱਚ 9 ਜੂਨ 2024 ਨੂੰ ਸ੍ਰੀ ਅਖੰਡਪਾਠ ਸਾਹਿਬ ਜੀ ਦੀ ਲੜੀ ਅਰੰਭ ਹੋਵੇਗੀ।ਜਿਨਾ ਸੰਗਤਾਂ ਨੇ ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ ਲੈਣੀ ਹੈ ਉਹ ਸੰਪਰਕ ਕਰੋ ਜੀ।



ਰੋਜਾਨਾ ਦੇ ਪ੍ਰੋਗਰਾਮ
ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ
ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ
9 ਜੂਨ 2024 ਤੋਂ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।

ਰਾਗੀ ਜੱਥੇ
ਭਾਈ ਸਤਨਾਮ ਸਿੰਘ ਬੰਬੀਹਾ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ

ਕਥਾਵਾਚਕ
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਭਾਜਪਾ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਲਾਗੂ:ਭਾਰਤ ਵਿੱਚ ਫੈਲ ਜਾਵੇਗੀ ਅਸ਼ਾਂਤੀ:ਮਮਤਾ

ਨਵੀਂ ਦਿੱਲੀ:-ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।ਭਾਰਤ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਇਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਨਾਗਰਿਕਤਾ ਲੈਣ ਦੇ ਲਈ ਆਨਲਾਈਨ ਅਰਜ਼ੀ ਪਾਉਣੀ ਪਵੇਗੀ। ਇਸ ਲਈ ਛੇਤੀ ਹੀ ਇੱਕ ਵੈੱਬ ਪੋਰਟਲ ਜਾਰੀ ਕੀਤਾ ਜਾਵੇਗਾ।

ਕੇਂਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਦੀ ਜਾਣਕਾਰੀ ਦਿੰਦਿਆਂ ਆਪਣੇ ਐਕਸ ਅਕਾਊਂਟ ਉੱਤੇ ਲਿਖਿਆ, "ਮੋਦੀ ਸਰਕਾਰ ਨੇ ਨਾਗਰਿਕਤਾ(ਸੋਧ) ਨਿਯਮਾਂ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਇਸ ਨਾਲ ਪਾਕਿਸਤਾਨ, ਬੰਗਲਾਦੇਸ਼, ਅਤੇ ਅਫ਼ਗਾਨਿਸਤਾਨ ਵਿੱਚ ਧਰਮ ਦੇ ਨਾਮ ਉੱਤੇ ਹੋਣ ਵਾਲੇ ਅੱਤਿਆਚਾਰ ਦੇ ਕਰਕੇ ਭਾਰਤ ਆਉਣ ਵਾਲੀਆਂ ਘੱਟਗਿਣਤੀਆਂ ਨੂੰ ਇੱਥੋਂ ਦੀ ਨਾਗਰਿਕਤਾ ਮਿਲ ਜਾਵੇਗੀ।"

"ਇਸ ਨੋਟੀਫ਼ਿਕੇਸ਼ਨ ਦੇ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਆਪਣਾ ਇੱਕ ਹੋਰ ਵਚਨ ਪੂਰਾ ਕੀਤਾ ਹੈ, ਇਨ੍ਹਾਂ ਦੇਸ਼ਾਂ ਵਿੱਚ ਰਹਿਣ ਵਾਲੇ ਸਿੱਖਾਂ, ਬੋਧੀਆਂ, ਜੈਨ, ਪਾਰਸੀਆਂ ਅਤੇ ਈਸਾਈਆਂ ਨੂੰ ਸੰਵਿਧਾਨ ਬਣਾਉਣ ਵਾਲਿਆਂ ਵੱਲੋਂ ਕੀਤੇ ਗਏ ਵਾਅਦੇ ਨੂੰ ਪੂਰਾ ਕੀਤਾ ਗਿਆ ਹੈ।"ਇਸ ਦਾ ਮਕਸਦ ਧਰਮ ਦੇ ਨਾਮ ਉੱਤੇ ਹੁੰਦੇ ਅੱਤਿਆਚਾਰ ਦੇ ਕਰਕੇ ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ ਤੋਂ ਭਾਰਤ ਆਏ ਹਿੰਦੂ, ਸਿੱਖ, ਬੁੱਧ, ਜੈਨ, ਪਾਰਸੀ ਅਤੇ ਈਸਾਈ ਘੱਟ ਗਿਣਤੀਆਂ ਨੂੰ ਧਾਰਮਿਕ ਨਾਗਰਿਕਤਾ ਦੇਣਾ ਹੈ। ਇਸ ਵਿੱਚ ਮੁਸਲਮਾਨਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ।ਇਹੀ ਇਸ ਵਿਵਾਦ ਦਾ ਕਾਰਨ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੈ ਜੋ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਦਿੰਦੀ ਹੈ।ਇੱਕ ਪਾਸੇ ਕਿਹਾ ਜਾ ਰਿਹਾ ਹੈ ਕਿ ਇਹ ਧਾਰਮਿਕ ਅੱਤਿਆਚਾਰ ਦਾ ਸਾਹਮਣਾ ਕਰ ਰਹੇ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਦੀ ਕੋਸ਼ਿਸ਼ ਹੈ। ਉਥੇ ਹੀ ਦੂਜੇ ਪਾਸੇ ਮੁਸਲਮਾਨ ਭਾਈਚਾਰੇ ਦਾ ਕਹਿਣਾ ਹੈ ਕਿ ਇਸ ਰਾਹੀਂ ਉਨ੍ਹਾਂ ਨੂੰ ਬੇਘਰ ਕਰਨ ਦੇ ਕਦਮ ਚੁੱਕੇ ਜਾ ਰਹੇ ਹਨ।ਇਸ ਕਾਨੂੰਨ ‘ਤੇ ਧਰਮ ਨਿਰਪੱਖਤਾ ਦਾ ਉਲੰਘਣ ਕਰਨ ਦੇ ਵੀ ਇਲਜ਼ਾਮ ਹਨ।ਭਾਰਤੀ ਸੰਵਿਧਾਨ ਮੁਤਾਬਕ ਦੇਸ਼ ਵਿੱਚ ਕਿਸੇ ਨਾਲ ਵੀ ਧਰਮ ਦੇ ਆਧਾਰ ‘ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ।ਪਰ ਇਸ ਕਾਨੂੰਨ ਵਿੱਚ ਮੁਸਲਮਾਨਾਂ ਨੂੰ ਨਾਗਰਿਕਤਾ ਦੇਣ ਦੀ ਕੋਈ ਪ੍ਰਬੰਧ ਨਹੀਂ ਹੈ। ਇਸ ਕਾਰਨ ਧਰਮ ਨਿਰਪੱਖਤਾ ਦੀ ਉਲੰਘਣਾ ਦੇ ਇਲਜ਼ਾਮ ਲਾਏ ਜਾ ਰਹੇ ਹਨ।

ਨਾਗਰਿਕਤਾ ਸੋਧ ਕਾਨੂੰਨ ਦਾ ਸਭ ਤੋਂ ਜ਼ਿਆਦਾ ਵਿਰੋਧ ਉੱਤਰ-ਪੂਰਬ ਦੇ ਸੂਬਿਆਂ, ਅਸਾਮ, ਮੇਘਾਲਿਆ, ਮਣੀਪੁਰ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ, ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਹੋ ਰਿਹਾ ਹੈ ਕਿਉਂਕਿ ਇਹ ਸੂਬੇ ਬੰਗਲਾਦੇਸ਼ ਦੀ ਸਰਹੱਦ ਦੇ ਬਿਲਕੁਲ ਨੇੜੇ ਹਨ।

ਇਨ੍ਹਾਂ ਸੂਬਿਆਂ ਵਿੱਚ ਇਸ ਦਾ ਵਿਰੋਧ ਇਸ ਗੱਲ ਨੂੰ ਲੈ ਕੇ ਹੋ ਰਿਹਾ ਹੈ ਕਿ ਇੱਥੇ ਕਥਿਤ ਤੌਰ ਉੱਤੇ ਗੁਆਂਢੀ ਰਾਜ ਬੰਗਲਾਦੇਸ਼ ਤੋਂ ਮੁਸਲਮਾਨ ਅਤੇ ਹਿੰਦੂ ਦੋਵੇਂ ਹੀ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਆ ਕੇ ਰਹਿ ਰਹੇ ਹਨ।

ਇਸ ਦਾ ਵਿਰੋਧ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਵਰਤਮਾਨ ਸਰਕਾਰ ਹਿੰਦੂ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੇ ਲਈ ਪਰਵਾਸੀ ਹਿੰਦੂਆਂ ਦੇ ਲਈ ਭਾਰਤ ਦੀ ਨਾਗਰਿਕਤਾ ਲੈ ਕੇ ਇੱਥੇ ਵੱਸਣਾ ਸੌਖਾ ਬਣਾਉਣਾ ਚਾਹੁੰਦੀ ਹੈ।ਉੱਤਰ-ਪੂਰਬ ਦੇ ਸੂਬੇ ਅਸਾਮ ਵਿੱਚ ਵੀ ਕਈ ਸੰਗਠਨ ਇਸ ਦਾ ਵਿਰੋਧ ਕਰ ਰਹੇ ਹਨ।

ਪੱਛਮ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਜੇਕਰ ਦੇਸ਼ ਵਿੱਚ ਸੀਏਏ ਲਾਗੂ ਹੁੰਦਾ ਹੈ ਤਾਂ ਉਹ ਇਸ ਦਾ ਵਿਰੋਧ ਕਰਨਗੇ।ਉਨ੍ਹਾਂ ਨੇ ਕਿਹਾ ਕਿ ਦੇਸ਼ ਵਿੱਚ ਲੋਕਾਂ ਦੇ ਵਿੱਚ ਭੇਦਭਾਵ ਹੋਇਆ ਤਾਂ ਉਹ ਚੁੱਪ ਨਹੀਂ ਰਹਿਣਗੇ। ਮਮਤਾ ਨੇ ਕਿਹਾ ਕਿ ਸੀਏਏ ਅਤੇ ਐਨਆਰਸੀ ਪੱਛਮ ਬੰਗਾਲ ਅਤੇ ਉੱਤਰ-ਪੂਰਬ ਦੇ ਲਈ ਇੱਕ ਸੰਵੇਦਨਸ਼ੀਲ ਮਸਲਾ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਵਿੱਚ ਅਸ਼ਾਂਤੀ ਫੈਲ ਜਾਵੇ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

## ਓਨਟਾਰੀਓ ਦੀ ਸਾਬਕਾ ਲਿਬਰਲ ਐਮਪੀ ਕਿੰਮ ਰੱਡ ਦਾ ਹੋਇਆ ਦੇਹਾਂਤ

ਓਨਟਾਰੀਓ, : ਦੱਖਣੀ ਓਨਟਾਰੀਓ ਤੋਂ ਲਿਬਰਲਾਂ ਦੀ ਨੁਮਾਇੰਦਗੀ ਕਰਨ ਵਾਲੀ ਸਾਬਕਾ ਐਮਪੀ ਕਿੰਮ ਰੱਡ ਦਾ ਦੇਹਾਂਤ ਹੋ ਗਿਆ।ਕੋਬਰਗ, ਓਨਟਾਰੀਓ ਵਿੱਚ ਸਥਿਤ ਹੌਸਪਿਸ (ਆਸ਼ਰਮ) ਵਿੱਚ ਮੰਗਲਵਾਰ ਨੂੰ ਰੱਡ ਦੀ ਓਵੇਰੀਅਨ ਕੈਂਸਰ ਕਾਰਨ ਮੌਤ ਹੋ ਗਈ। ਇਹ ਜਾਣਕਾਰੀ ਆਨਲਾਈਨ ਜਾਰੀ ਕੀਤੀ ਗਈ ਉਨ੍ਹਾਂ ਦੇ ਦੇਹਾਂਤ ਦੀ ਖਬਰ ਵਿੱਚ ਦਿੱਤੀ ਗਈ। 66 ਸਾਲਾ ਰੱਡ ਨੇ 2015 ਤੋਂ 2019 ਤੱਕ ਵੂਮਨ ਐਂਟਰਪ੍ਰਿਨਿਓਰ ਐਵਾਰਡ ਨਾਲ ਵੀ ਨਿਵਾਜਿਆ ਗਿਆ ਸੀ। ਇਸ ਤੋਂ ਇਲਾਵਾ ਉਹ ਕੋਬਰਗ ਦੇ ਚਾਈਲਡ ਕੇਅਰ ਸੈਂਟਰ ਦੀ ਸਹਿ ਬਾਨੀ ਵੀ ਸੀ।ਰੱਡ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪਤੀ ਟੌਮ, ਦੋ ਬੇਟੀਆਂ ਐਲੀਸਨ ਤੇ ਸਟੈਫਨੀ ਅਤੇ ਚਾਰ ਗ੍ਰੈਂਡ ਚਿਲਡਰਨ ਹਨ।ਨਵੇਂ ਹਲਕੇ ਨੌਰਥੰਬਰਲੈਂਡ ਪੀਟਰਬਰੋ ਦੀ ਨੁਮਾਇੰਦਗੀ ਕੀਤੀ।ਉਨ੍ਹਾਂ ਕੁਦਰਤੀ ਵਸੀਲਿਆਂ ਬਾਰੇ ਮੰਤਰੀ ਦੀ ਪਾਰਲੀਆਮੈਂਟਰੀ ਸਕੱਤਰ ਵਜੋਂ ਸੇਵਾ ਨਿਭਾਈ। ਉਹ ਪਾਰਲੀਆਮੈਂਟਰੀ ਹੈਲਥ ਰਿਸਰਚ ਕਾਕਸ ਦੀ ਚੇਅਰ ਵੀ ਰਹੀ ਤੇ ਉਨ੍ਹਾਂ ਹਾਊਸ ਆਫ ਕਾਮਨਜ਼ ਦੀ ਵਿੱਤ ਤੇ ਕੁਦਰਤੀ ਵਸੀਲਿਆਂ ਬਾਰੇ ਕਮੇਟੀ ਵਿੱਚ ਵੀ ਸੇਵਾ ਨਿਭਾਈ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ
ਜਾਗੋ, ਮਾਈਆਂ,
ਘੋੜੀਆਂ, ਸੁਹਾਗ,
ਪੰਜਾਬੀ ਮੇਲਾ, ਸ਼ੋਅ ਆਦਿ ਦੀ
ਬੁਕਿੰਗ ਲਈ ਸੰਪਰਕ ਕਰੋ

Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

## ''ਅਤਿਥੀ ਦੇਵੋ ਭਵ'' ਭਾਵ ਮਹਿਮਾਨ ਦੇਵਤਿਆਂ ਦੇ ਬਰਾਬਰ?

# ਔਰਤਾਂ ਦਾ ਸਮੂਹਿਕ ਬਲਾਤਕਾਰ ਕਰਨ ਵਾਲੇ ਅਖੌਤੀ 'ਵਿਸ਼ਵ ਗੁਰੂਆਂ' ਨੂੰ ਔਰਤ ਦਿਹਾੜਾ ਮਨਾਉਣ ਦਾ ਕੋਈ ਹੱਕ ਨਹੀਂ

ਜਿਹੜੇ ਦੇਸ਼ ਦੀ ਸਰਕਾਰ, ਪੁਲਿਸ, ਪ੍ਰਸ਼ਾਸਨ ਅਤੇ ਗੁੰਡਿਆਂ ਨੇ ਮਿਲ ਕੇ 84 ਦੇ ਸਿੱਖ ਨਸਲਕੁਸ਼ੀ ਵੇਲੇ ਸਿੱਖਾਂ ਦੀ ਹਜ਼ਾਰਾਂ ਧੀਆਂ ਭੈਣਾਂ ਅਤੇ ਮਾਵਾਂ ਦੇ ਦੇਸ਼ ਭਰ ਵਿੱਚ ਸਮੂਹਿਕ ਬਲਾਤਕਾਰ ਕੀਤੇ ਹੋਣ ਅਤੇ ਉਹਨਾਂ ਨੂੰ ਅਜੇ ਤੱਕ ਇਨਸਾਫ ਨਾ ਮਿਲਿਆ ਹੋਵੇ, ਇਸ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲਿਆਂ ਦੇ ਗਲਾਂ ਵਿੱਚ ਟਾਇਰ ਪਾ ਪਾ ਕੇ ਸਾੜਿਆ ਹੋਵੇ,ਹਜ਼ਾਰਾਂ ਹੀ ਸਿੱਖ ਔਰਤਾਂ ਦੀਆਂ ਇਜ਼ਤਾਂ ਨਾਲ ਖਿਲਵਾੜ ਕੀਤਾ ਹੋਵੇ, ਉਹਨਾਂ ਲੋਕਾਂ ਦੇ 'ਵਿਦੇਸ਼ੀ ਸੈਲਾਨੀ' ਕੀ ਲੱਗਦੇ ਨੇ? ਦੁਨੀਆਂ ਦੇ ਵਿਸ਼ਵ ਗੁਰੂ ਅਖਵਾਉਣ ਦਾ ਚਾਅ ਕਰਨ ਵਾਲੇ ਭਾਰਤ ਦੇ ਬਿਹਾਰ ਸੂਬੇ ਦੇ ਝਾਰਖੰਡ ਦੇ ਦੁਮਕਾ ਜ਼ਿਲ੍ਹੇ 'ਚ ਸਪੇਨ ਦੀ ਔਰਤ ਨਾਲ ਕਥਿਤ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਸੂਬੇ ਦੀ ਰਾਜਧਾਨੀ ਰਾਂਚੀ ਤੋਂ ਕਰੀਬ 300 ਕਿਲੋਮੀਟਰ ਦੂਰ ਹੰਸਡੀਹਾ ਥਾਣਾ ਖੇਤਰ ਦੇ ਕੁਰੂਮਹਾਟ 'ਚ ਸ਼ੁੱਕਰਵਾਰ ਰਾਤ ਨੂੰ ਵਾਪਰੀ, ਜਦੋਂ ਸਪੇਨ ਦਾ ਸੈਲਾਨੀ ਜੋੜਾ ਅਸਥਾਈ ਟੈਂਟ 'ਚ ਰਾਤ ਲਈ ਆਰਾਮ ਕਰ ਰਿਹਾ ਸੀ। ਇਹ ਸਪੈਨਸ਼ ਜੋੜਾ ਪਿਛਲੇ ਪੰਜ ਸਾਲਾਂ ਤੋਂ ਵੱਖ-ਵੱਖ ਦੇਸ਼ਾਂ ਚ ਮੋਟਰਸਾਈਕਲ ਤੇ ਘੁੰਮਦਾ ਹੋਇਆ ਸੰਸਾਰ ਯਾਤਰਾ ਕਰ ਰਿਹਾ ਸੀ। ਹੁਣ ਤੱਕ 67 ਦੇਸ਼ ਘੁੰਮ ਚੁੱਕਿਆ ਸੀ, ਜਿਹਨਾਂ ਵਿੱਚ ਪਾਕਿਸਤਾਨ ਆਦਿ ਵੀ ਸ਼ਾਮਿਲ ਹਨ, ਜਿਨਾਂ ਨੂੰ ਭਾਰਤ ਵਿੱਚ ਰੱਜ ਕੇ ਜ਼ਾਲਮਾਨਾ ਕਿਸਮ ਦੀ ਸੋਚ ਵਾਲੇ ਕਰਾਰ ਦਿੱਤਾ ਜਾਂਦਾ ਹੈ, ਪਰ ਸ਼ਾਂਤੀ ਅਤੇ ਮਹਿਮਾਨ ਨਿਵਾਜ਼ੀ ਦੇ ਵਾਸਤੇ ਦਾਵਾ ਕਰਨ ਵਾਲਾ ਵਿਸ਼ਵ ਗੁਰੂ ਅੱਜ ਉਸ ਵੇਲੇ ਸ਼ਰਮਸਾਰ ਹੋਇਆ, ਜਦੋਂ ਸਪੇਨ ਦੀ ਫਰਨੈਂਡਾ ਦੇ ਨਾਲ ਅੱਠ ਇੰਡੀਅਨ ਰੇਪਿਸਟਾਂ ਨੇ ਸਮੂਹਿਕ ਬਲਾਤਕਾਰ ਕੀਤਾ। ਵਿਰੋਧ ਕਰਨ ਤੇ ਉਸਦੇ ਪਤੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਉਨਾਂ ਦਾ ਕੀਮਤੀ ਸਮਾਨ, ਫੋਨ ਆਦਿ ਵੀ ਲੈ ਗਏ। ਸਪੈਨਿਸ਼ ਜੋੜਾ ਮੋਟਰਸਾਈਕਲ ਰਾਹੀਂ ਬੰਗਲਾਦੇਸ਼ ਤੋਂ ਦੁਮਕਾ ਪੁੱਜਿਆ ਸੀ ਤੇ ਬਿਹਾਰ ਹੁੰਦੇ ਹੋਏ ਨੇਪਾਲ ਜਾਣ ਦੀ ਤਿਆਰੀ 'ਚ ਸੀ।

ਪੀੜਿਤ ਔਰਤ ਤੇ ਉਸਦੇ ਪਤੀ ਨੇ ਇੰਸਟਾਗਰਾਮ ਖਾਤੇ ਰਾਹੀਂ ਰੋਂਦਿਆਂ ਆਪਣਾ ਦਰਦ ਬਿਆਨ ਕੀਤਾ, ਜਿਸਨੂੰ ਭਾਰਤ ਵਿੱਚੋਂ ਕਈ ਥਾਵਾਂ ਤੋਂ ਹਟਾ ਦਿੱਤਾ ਗਿਆ, ਕਿਉਂਕਿ ਭਾਰਤ ਵਿੱਚ ਸੱਚ ਦੀ ਆਵਾਜ਼ ਦਬਾਉਣ ਲਈ ਸੋਸ਼ਲ ਮੀਡੀਆ ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਹਨ। ਪਰ ਸੰਸਾਰ ਭਰ ਵਿੱਚ ਇਹ ਉਜਾਗਰ ਹੋ ਗਿਆ ਹੈ ਕਿ ਜਿਸ ਤਰ੍ਹਾਂ ਦਾ ਧੱਕਾ ਇਸ ਔਰਤ ਨਾਲ ਹੋਇਆ ਹੈ, ਉਹ ਕਿੰਨਾ ਸ਼ਰਮਨਾਕ ਹੈ! ਪਰ ਦੁਨੀਆਂ ਨੂੰ ਸ਼ਾਇਦ ਪਤਾ ਨਹੀਂ ਕਿ ਵਿਸ਼ਵ ਗੁਰੂ ਭਾਰਤ ਵਿੱਚ ਅਜਿਹਾ ਹਰ ਰੋਜ਼ ਹੁੰਦਾ ਹੈ ਸੈਂਕੜਿਆਂ ਨਾਲ ਹੁੰਦਾ ਹੈ। ਹੁਣ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਵਿਦੇਸ਼ ਤੋਂ ਆਈ ਇੱਕ ਸੈਲਾਨੀ ਔਰਤ ਨਾਲ ਅਜਿਹਾ ਹੋਣ ਤੇ ਇਨਾ ਦਰਦ ਹੈ, ਤਾਂ ਹਜ਼ਾਰਾਂ ਨਾਲ ਜਦੋਂ ਇਹ ਵਾਪਰਿਆ ਹੋਏਗਾ ਤੇ ਉਸ ਦੀ ਪੀੜਾ ਕਿੰਨੀ ਹੋਏਗੀ? ਇਹ ਵੀ ਸੱਚ ਹੈ ਕਿ ਇੰਡੀਅਨ ਸਟੇਟ ਨੇ 40 ਸਾਲ ਪਹਿਲਾਂ ਹੋਏ ਹਜ਼ਾਰਾਂ ਬਲਾਤਕਾਰਾਂ ਦੀ ਦੋਸ਼ੀਆਂ 'ਚੋਂ ਕਿਸੇ ਨੂੰ ਸਜ਼ਾ ਨਹੀਂ ਦਿੱਤੀ। ਜੇ ਅਜਿਹੇ ਦੋਸ਼ੀਆਂ ਨੂੰ ਸਜ਼ਾ ਮਿਲਦੀ, ਤਾਂ ਉਸ ਤੋਂ ਬਾਅਦ ਦੇਸ਼ ਵਿੱਚ ਅਜਿਹੇ ਖੂੰਖਾਰ ਇੰਡੀਅਨ ਰੇਪਿਸਟਾਂ ਵੱਲੋਂ ਕਿਸੇ ਮਾਸੂਮ ਨਾਲ ਬਲਾਤਕਾਰ ਨਾ ਹੁੰਦਾ ਤੇ ਅੱਜ ਇਹ ਮਾਸੂਮ ਸਪੈਨਿਸ਼ ਔਰਤ ਵੀ ਅਜਿਹੇ ਜ਼ੁਲਮ ਦਾ ਸ਼ਿਕਾਰ ਨਾ ਹੁੰਦੀ। ਦੇਸ਼ ਦੇ ਕੋਨੇ ਕੋਨੇ ਵਿੱਚ ਔਰਤਾਂ ਦਾ ਸਮੂਹਿਕ ਬਲਾਤਕਾਰ ਕਰਨ ਵਾਲੇ ਅਖੌਤੀ ਵਿਸ਼ਵ ਗੁਰੂਆਂ ਨੂੰ ਔਰਤ ਦਿਹਾੜੇ ਮਨਾਉਣ ਦਾ ਬਿਲਕੁਲ ਹੱਕ ਨਹੀਂ। -ਡਾ ਗੁਰਵਿੰਦਰ ਸਿੰਘ


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases





"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads





Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਕੈਨੇਡਾ-ਅਮਰੀਕਾ ਵਿੱਚ ਇੰਡੀਅਨ ਏਜੰਟਾਂ ਵੱਲੋਂ ਸੁਪਾਰੀ ਦੇ ਕੇ ਸਿੱਖਾਂ ਨੂੰ ਕਤਲ ਕਰਾਉਣ ਦੀ ਸਾਜਿਸ਼ ਬਾਰੇ ਸੀਬੀਸੀ ਦੀ ਦਸਤਾਵੇਜ਼ੀ ਫਿਲਮ ਵਿੱਚ ਸਨਸਨੀਖੇਜ਼ ਪ੍ਰਗਟਾਵੇ

ਐਬਟਫੋਰਡ(ਡਾ. ਗੁਰਵਿੰਦਰ ਸਿੰਘ) ਕੈਨੇਡੀਅਨ ਬਰੌਡਕਾਸਟਿੰਗ ਕਾਰਪੋਰੇਸ਼ਨ ਨੇ ਪੱਤਰਕਾਰੀ ਦੇ ਖੇਤਰ ਵਿੱਚ ਵੱਡਾ ਮਾਅਰਕਾ ਮਾਰਿਆ ਹੈ। ਇੱਕ ਸਨਸਨੀਖੇਜ਼ ਦਸਤਾਵੇਜ਼ੀ ਫਿਲਮ ਰਾਹੀਂ ਸੀਬੀਸੀ ਨੇ ਪੇਸ਼ ਕੀਤਾ ਹੈ ਕਿ ਕਿਸ ਤਰੀਕੇ ਨਾਲ ਕੈਨੇਡਾ ਦੀ ਧਰਤੀ 'ਤੇ ਭਾਰਤੀ ਏਜੰਟਾਂ ਦੁਆਰਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜਿਸ਼ ਰਚੀ ਗਈ। ਇਸ ਦਾ ਖੁਲਾਸਾ ਅਮਰੀਕਾ ਦੇ ਸਿਖਜ਼ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਲਈ ਨਿਖਲ ਗੁਪਤਾ ਰਾਹੀਂ ਇੰਡੀਅਨ ਸਟੇਟ ਵੱਲੋਂ ਸਾਜਿਸ਼ ਅਧੀਨ ਸੁਪਾਰੀ ਦੇਣ ਦੀ ਘਟਨਾ ਸਾਹਮਣੇ ਆਉਣ ਤੋਂ ਬਾਅਦ ਸੱਚ ਪ੍ਰਗਟ ਹੋ ਗਿਆ। ਸੀਬੀਸੀ ਨੇ ਆਪਣੀ ਦਸਤਾਵੇਜ਼ੀ ਫਿਲਮ «Contract to Kill : Inisde an Alleged plot by the Inidan Government to kill Sikh Acitivsts in Canada, The fifth Estate» ਵਿਚ ਦਰਸਾਇਆ ਹੈ ਕਿ ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਦਾ ਸਾਜਿਸ਼ੀ ਢੰਗ ਨਾਲ ਇੰਡੀਅਨ ਏਜੰਸੀਆਂ ਵੱਲੋਂ ਕਤਲ ਕੀਤੇ ਜਾਣ ਕਥਿਤ ਦੋਸ਼ਾਂ ਪਿੱਛੇ ਕਿੰਨੀ ਸ਼ੱਕੀ ਭੂਮਿਕਾ ਹੈ। ਇਸ ਤੋਂ ਇਲਾਵਾ ਇੰਡੀਅਨ ਮੀਡੀਏ ਅਤੇ ਏਜੰਸੀਆਂ ਵੱਲੋਂ ਕਿਸੇ ਹੋਰ ਦੀ ਵੀਡੀਓ ਦਿਖਾ ਕੇ, ਉਸ ਸ਼ਖਸ ਨੂੰ ਬੰਦੂਕਾਂ ਰਾਹੀਂ ਟ੍ਰੇਨਿੰਗ ਲੈਂਦੇ ਦਿਖਾਉਂਦੇ ਹਰਦੀਪ ਸਿੰਘ ਨਿੱਝਰ ਦੱਸਣਾ ਕਿੰਨਾ ਤੱਥਹੀਣ ਹੈ, ਇਹ ਸੱਚ ਸੀਬੀਸੀ ਦੀ ਦਸਤਾਵੇਜ਼ੀ ਡਾਕੂਮੈਂਟਰੀ ਪੇਸ਼ ਕਰਦੀ ਹੈ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ, ਕਰੀਬ ਇਕ ਸਾਲ ਪਹਿਲਾਂ (14-07-2022) ਕਰੋੜਪਤੀ ਸਿੱਖ ਆਗੂ ਭਾਈ ਰਿਪੁਦਮਨ ਸਿੰਘ ਮਲਿਕ ਦੇ ਕਤਲ ਦੇ ਮਾਮਲੇ ਵਿੱਚ ਸਨਸਨੀਖੇਜ਼ ਪ੍ਰਗਟਾਵੇ ਕਰਦਿਆਂ, ਸੀਬੀਸੀ ਨੇ ਦਰਸਾਇਆ ਕਿ ਕਤਲ ਤੋਂ ਇਕ ਦਿਨ ਪਹਿਲਾਂ ਮਲਿਕ ਨੂੰ ਭਾਰਤੀ ਨੰਬਰਾਂ ਤੋਂ ਤਿੰਨ ਫੋਨ ਕਾਲਾਂ ਆਈਆਂ ਸਨ, ਜਿਨਾਂ ਵਿੱਚੋਂ ਇੱਕ ਸਾਬਕਾ ਭਾਰਤੀ ਕੌਂਸਲਰ (ਵੈਨਕੂਵਰ ਦੇ ਕੌਂਸਲਖਾਨੇ ਦਾ ਸਾਬਕਾ ਕੌਂਸਲ ਅਧਿਕਾਰੀ) ਦੀ ਸੀ। ਹੋਰ ਵੀ ਸਨਸਨੀਖੇਜ਼ ਗੱਲ ਹੈ ਕਿ ਕਤਲ ਵਾਲੇ ਦਿਨ ਦੀ ਭਾਈ ਮਲਿਕ ਦੀ ਡਾਇਰੀ ਵਿੱਚ ਲਿਖਿਆ ਹੋਇਆ ਹੈ ਕਿ 10 ਵਜੇ ਵੈਨਕੂਵਰ ਸਥਿਤ ਭਾਰਤੀ ਕੌਂਸਲ ਖਾਨੇ ਦੇ ਉਸੇ ਹੀ ਸਾਬਕਾ ਅਧਿਕਾਰੀ ਨਾਲ ਉਹਨਾਂ ਦੀ ਮੀਟਿੰਗ ਸੀ, ਜਦਕਿ ਸਾਢੇ ਨੌਂ ਵਜੇ ਸਰੀ ਵਿੱਚ ਆਪਣੇ ਕਾਰੋਬਾਰ ਦੇ ਥਾਂ 'ਤੇ ਮਲਿਕ ਦੀ ਹੱਤਿਆ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਇੱਕ ਪਾਸੇ ਭਾਈ ਮਲਿਕ ਅਤੇ ਭਾਈ ਅਜੈਬ ਸਿੰਘ ਬਾਗੜੀ ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿੱਚ ਜੇਲ ਵਿੱਚ ਰੱਖਿਆ ਗਿਆ, ਜੋ ਕਿ ਬਾਅਦ ਵਿੱਚ ਬਰੀ ਹੋ ਗਏ ਸਨ, ਦੂਜੇ ਪਾਸੇ ਮਲਿਕ ਦੀ ਭਾਰਤ ਫੇਰੀ ਮੌਕੇ ਇੰਡੀਅਨ ਅਧਿਕਾਰੀਆਂ ਵੱਲੋਂ ਉਹਨਾਂ ਨਾਲ ਬਕਾਇਦਾ ਮੀਟਿੰਗਾਂ ਕੀਤੇ ਜਾਣ ਨਾਲ ਖਤਰਨਾਕ ਸਾਜਿਸ਼ ਸਾਹਮਣੇ ਆਈ ਆਉਂਦੀ ਹੈ। ਕੈਨੇਡਾ ਵਿੱਚ ਸਿੱਖਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿੱਚ ਇਹ ਕਈ ਤਰ੍ਹਾਂ ਦੇ ਪਰਦੇ ਫਾਸ਼ ਕਰਦੀ ਹੈ। ਆਉਂਦੇ ਸਮੇਂ ਬਹੁਤ ਵੱਡੇ ਸਨਸਨੀਖੇਜ ਖੁਲਾਸੇ ਹੋਣ ਦੇ ਆਸਾਰ ਹਨ। ਸੀਬੀਸੀ ਨੂੰ ਬੇਬਾਕੀ, ਦ੍ਰਿੜਤਾ, ਤੱਥਾਂ ਅਧਾਰਤ ਅਤੇ ਦਲੇਰਾਨਾ ਢੰਗ ਨਾਲ, ਅਜਿਹੀ ਦਸਤਾਵੇਜ਼ੀ ਫਿਲਮ ਤਿਆਰ ਕਰਨ ਲਈ ਵਧਾਈ ਦੇਣੀ ਬਣਦੀ ਹੈ। ਭਾਰਤੀ ਗੋਦੀ ਮੀਡੀਆ ਨੂੰ ਝੂਠੀਆਂ ਖਬਰਾਂ ਲਾ ਕੇ, ਗਲਤ ਬਿਰਤਾਂਤ ਸਿਰਜਣ ਲਈ ਵੀ ਇਸ ਡਾਕੂਮੈਂਟਰੀ ਵਿੱਚ ਸ਼ਰਮਸ਼ਾਰ ਕੀਤਾ ਗਿਆ ਹੈ। ਸੀਬੀਸੀ ਦੀ ਫਿਲਮ 'ਚੋ ਜਾਣਕਾਰੀ ਧੰਨਵਾਦ ਸਹਿਤ ਲਈ ਗਈ ਹੈ। ਸੀਬੀਸੀ ਦੇ ਰਿਪੋਰਟਰਾਂ ਵੱਲੋਂ ਭਾਰਤੀ ਕੌਂਸਲ ਖਾਨੇ ਨਾਲ ਸੰਪਰਕ ਕਰਨ ਤੇ ਕੋਈ ਵੀ ਜਵਾਬ ਨਾ ਦੇਣਾ ਵੀ ਇੰਡੀਅਨ ਏਜੰਟਾਂ ਦੀ ਸ਼ੱਕੀ ਭੂਮਿਕਾ ਜ਼ਾਹਿਰ ਕਰਦਾ ਹੈ।

# ਜੂਨ 84 ਦੇ ਸ਼ਹੀਦਾਂ ਦੀ ਯਾਦ 'ਚ ਤਿਆਰ ਕੀਤੀ ਗਈ ਸ਼ਹੀਦੀ ਗੈਲਰੀ ਦਾ ਉਦਘਾਟਨ

ਅੰਮ੍ਰਿਤਸਰ : ਜੂਨ 1984 'ਚ ਸਿੱਖ ਕੌਮ ਦੇ ਸਰਵਉੱਚ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਕਰਵਾਏ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ/ਸਿੰਘਣੀਆਂ ਦੀ ਯਾਦ ਵਿਚ ਤਿਆਰ ਕਰਵਾਈ ਗਈ ਸ਼ਹੀਦੀ ਗੈਲਰੀ ਅੱਜ ਅਰਦਾਸ ਉਪਰੰਤ ਸੰਗਤ ਅਰਪਣ ਕੀਤੀ ਗਈ। ਇਹ ਸ਼ਹੀਦੀ ਗੈਲਰੀ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸ਼ਹੀਦ ਜਨਰਲ ਸੁਬੇਗ ਸਿੰਘ ਅਤੇ ਸ਼ਹੀਦ ਬਾਬਾ ਠਾਰਾ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਕਾਰਜ ਦੀ ਸੇਵਾ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਸੌਂਪੀ ਗਈ ਸੀ। ਇਸ ਸ਼ਹੀਦੀ ਗੈਲਰੀ ਵਿਚ 1984 ਦੇ ਘੱਲੂਘਾਰੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਹਿ-ਢੇਰੀ ਹੋਈ ਇਮਾਰਤ ਦਾ ਮਾਡਲ, ਸ਼ਹੀਦ ਹੋਏ ਸਿੰਘ/ਸਿੰਘਣੀਆਂ ਦੀ ਤਸਵੀਰਾਂ ਲਗਾਈਆਂ ਗਈਆਂ ਹਨ। ਇਸ ਦੇ ਨਾਲ ਹੀ ਡਿਜੀਟਲ ਰੂਪ ਵਿਚ ਘੱਲੂਘਾਰੇ ਦੇ ਇਤਿਹਾਸ ਨੂੰ ਬਿਆਨ ਕਰਦੀ ਡਾਕੂਮੈਂਟਰੀ ਵਿਖਾਉਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

# 1984 : ਜਦੋਂ ਉਹ ਸਿੱਖਾਂ ਲਈ ਆਏ'' ਕਿਤਾਬ ਦਾ ਅੰਗਰੇਜ਼ੀ ਤੇ ਪੰਜਾਬੀ ਵਿੱਚ ਪਾਠ ਤੇ ਵਿਚਾਰ ਗੋਸ਼ਟੀ

ਸਰੀ : ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਿਤ ''1984 : ਜਦੋਂ ਉਹ ਸਿੱਖਾਂ ਲਈ ਆਏ'' ਕਿਤਾਬ ਪੱਤਰਕਾਰ ਅਤੇ ਲੇਖਕ ਗੁਰਪ੍ਰੀਤ ਸਿੰਘ ਵੱਲੋਂ ਸਿੱਖਾਂ ਦੇ 1984 ਦੇ ਸੰਤਾਪ ਬਾਰੇ, ਬੱਚਿਆਂ ਅਤੇ ਨੌਜਵਾਨਾਂ ਲਈ ਲਿਖੀ ਗਈ ਮਹੱਤਪੂਰਨ ਕਿਤਾਬ ਹੈ। ਇਤਿਹਾਸਿਕ ਘਟਨਾਵਾਂ ਤੇ ਮੌਜੂਦਾ ਹਾਲਤਾਂ ਨੂੰ ਸਹੀ ਪ੍ਰਸੰਗ ਵਿੱਚ ਪੇਸ਼ ਕਰਦੀ ਇਸ ਕਿਤਾਬ ਦਾ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪਾਠ ਅਤੇ ਵਿਚਾਰ ਗੋਸ਼ਟੀ ਦਾ ਵਿਸ਼ੇਸ਼ ਪ੍ਰੋਗਰਾਮ 9 ਮਾਰਚ ਦਿਨ ਸ਼ਨਿਚਰਵਾਰ ਨੂੰ ਜਰਨੈਲ ਆਰਟਸ ਅਕੈਡਮੀ ਤੇ ਗੁਰਦੀਪ ਆਰ ਅਕੈਡਮੀ ਸਰੀ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸਥਾਨਕ ਮੂਲ ਨਿਵਾਸੀਆਂ ਦੀ ਧਰਤੀ ਬਾਰੇ ਗੱਲਬਾਤ ਕਰਦਿਆਂ ਸ਼ੈਰਫ ਨੇ ਕਿਹਾ ਕਿ ਇਹ ਕਿਤਾਬ ਕੇਵਲ ਸਿੱਖਾਂ ਲਈ ਨਹੀਂ ਬਲਕਿ ਬਾਕੀ ਭਾਈਚਾਰਿਆਂ ਲਈ ਵੀ ਜਾਣਕਾਰੀ ਅਤੇ ਗਿਆਨ ਭਰਪੂਰ ਹੈ। ਆਰੰਭ ਵਿੱਚ ਅੰਤਰਰਾਸ਼ਟਰੀ ਔਰਤ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਵਿੱਚ ਕੰਮ ਤੇ ਜਾਨਾਂ ਗਵਾਉਣ ਵਾਲੀਆਂ ਮਜ਼ਦੂਰ ਜਾਂ ਹਿੰਸਾ ਦਾ ਸ਼ਿਕਾਰ ਔਰਤਾਂ ਤੋਂ ਇਲਾਵਾ, ਦੁਨੀਆਂ ਭਰ ਦੇ ਵਿੱਚ ਜਿਨਾਂ ਔਰਤਾਂ ਦੀਆਂ ਜਬਰ ਦੌਰਾਨ ਜਾਨਾਂ ਗਈਆਂ, ਉਹਨਾਂ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਹ ਪੁਸਤਕ ਸਮਾਗਮ ਮਨੁੱਖੀ ਹੱਕਾਂ ਨੂੰ ਸਮਰਪਿਤ ਸ਼ਖਸੀਅਤ ਮਾਰਟਿਨ ਨੋਮਲਰ ਦੀ 40ਵੀਂ ਬਰਸੀ ਨੂੰ ਸਮਰਪਿਤ ਹੋਇਆ, ਜਿਹਨਾਂ ਦੀ ਮਸ਼ਹੂਰ ਕਵਿਤਾ ''ਜਦੋਂ ਉਹ ਮੇਰੇ ਲਈ ਆਏ....'' ਦੇ ਆਧਾਰ 'ਤੇ ਹੀ ਕਿਤਾਬ ਦਾ ਨਾਂ ਰੱਖਿਆ ਗਿਆ ਹੈ। ਇਸ ਮੌਕੇ 'ਤੇ ਕਿਤਾਬ ਦਾ ਅੰਗਰੇਜ਼ੀ ਵਿੱਚ ਪਾਠ ਲੇਖਕ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਸੁਣਾਇਆ। ਪੰਜਾਬੀ ਵਿੱਚ ਕਹਾਣੀਕਾਰ ਹਰਪ੍ਰੀਤ ਸੇਖਾ ਨੇ ਪਾਠ ਪੜਿਆ ਅਤੇ ਚਿੱਤਰਕਾਰ ਜਰਨੈਲ ਸਿੰਘ ਕਿਤਾਬ ਦੀਆਂ ਪੇਂਟਿੰਗਜ਼ ਬਾਰੇ ਰੌਸ਼ਨੀ ਪਾਈ। ਪ੍ਰੋਗਰਾਮ ਦਾ ਸੰਚਾਲਨ ਡਾ ਗੁਰਵਿੰਦਰ ਸਿੰਘ ਕਰਦਿਆਂ, ਇਤਿਹਾਸ ਅਤੇ ਵਰਤਮਾਨ ਹਾਲਾਤ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ। ਹੋਰਨਾਂ ਬੁਲਾਰਿਆਂ ਵਿੱਚ ਸੁਨੀਲ ਕੁਮਾਰ, ਚੈਨਲ 'ਮਹਿਕ ਪੰਜਾਬ ਦੀ' ਦੇ ਸੰਚਾਲਕ ਕੰਵਲਜੀਤ ਸਿੰਘ ਥਿੰਦ, ਸਿੱਖ ਬੁੱਧੀਜੀਵੀ ਜਰਨੈਲ ਸਿੰਘ ਚੀਮਾ ਅਤੇ ਟਿੱਪਣੀਕਾਰ ਕਮਲਜੀਤ ਸਿੰਘ ਨੇ ਵਿਚਾਰ ਸਾਂਝੇ ਕੀਤੇ। ਇਹ ਕਿਤਾਬ ਅਮਿਤੋਜ ਸੇਲਜ਼, ਨੇੜੇ ਦਸ਼ਮੇਸ਼ ਦਰਬਾਰ ਤੋਂ, ਗੁਰਦੁਆਰਾ ਸਿੰਘ ਸਭਾ ਸਰੀ ਤੋਂ ਹਰ ਐਤਵਾਰ ਨੂੰ ਅਤੇ ਇੰਡੀਆ ਬੁੱਕ ਵਰਲਡ ਸਟੋਰ ਤੋਂ ਕਿਸੇ ਵੀ ਸਮੇਂ ਲਈ ਜਾ ਸਕਦੀ ਹੈ।




# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS
MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca



## .Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

AUTO REPAIR SERVICES



-REASONABLE RATES
-EXPERIENCED -QUALITY WORK

.Ck Auto.




Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com

ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ



- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com


BHAI AJIT SINGH JI
AKATH KATHA & NAAM SIMRAN DIWAANS
FRIDAY 22 MARCH 7PM - 9PM
SATURDAY 23 MARCH 7PM - 9PM
SUNDAY 24 MARCH 11AM - 1PM
REGISTER HERE
SIKHI CAMP 2024
VANCOUVER, CANADA
MARCH 19 - 22
AGES 7 - 25
REGISTER NOW: WWW.MYSIMRAN.INFO
CONTACT NUMBER: (778) 858-3465
GURU NANAK SIKH GURDWARA I 7050 120 ST, SURREY, BC V3W 3M8, CANADA

# VERTEX
PERFORMANCE

## ਅਸੀਂ ਹੇਠ ਲਿਖੇ ਕੇਸ ਲੈਂਦੇ ਹਾਂ

- ਐਮ ਐਸ ਪੀ ਅਤੇ ਪ੍ਰਾਈਵੇਟ ਕੇਸ
- ਆਈ ਸੀ ਬੀ ਸੀ / ਵਰਕਸੇਫ ਬੀ.ਸੀ
- ਨਵੇਂ ਮਰੀਜ਼ ਵੀ ਆ ਸਕਦੇ ਹਨ

## ਅਸੀਂ ਹੇਠ ਲਿਖੇ ਕੇਸਾਂ 'ਚ ਮੁਹਾਰਤ ਰੱਖਦੇ ਹਾਂ

- ਕਾਰ ਦੁਰਘਟਨਾ ਨਾਲ ਲੱਗੀਆਂ ਸੱਟਾਂ
- ਪਿੱਠ, ਗੋਡੇ, ਧੌਣ ਅਤੇ ਮੋਢਿਆਂ ਦੀ ਦਰਦ
- ਹੀਟ ਅਤੇ ਮਸਾਜ ਥੈਰੇਪੀ
- ਕੰਮ ਵਾਲੀ ਥਾਂ ਦੀਆਂ ਸੱਟਾਂ
- ਸਿਰਦਰਦ
- ਖੇਡਾਂ ਦੀਆਂ ਸੱਟਾਂ
- ਉਲਝਣ / ਚੱਕਰ

## ਅਸੀਂ ਪੇਸ਼ ਕਰਦੇ ਹਾਂ

- ਸਿਹਤ ਯੋਜਨਾਵਾਂ ਲਈ ਸਿੱਧੀ ਬਿਲਿੰਗ
- ਆਨਲਾਈਨ ਬੁਕਿੰਗ ਵੀ ਕਰਦੇ ਹਾਂ



## WE ACCEPT

- ICBC/WORK SAFE BC Claims
- MSP & Private Pay Patients
- New Patients Welcome

## WE TREAT

- Car Accident Injuries
- Work Place Injuries
- Back, Neck, Shoulder & Knee Pain
- Post Surgical Therapy
- Headaches
- Sports Injuries
- Concussion / Vertigo

## WE OFFER

- Direct Billing to Extended Health Plans
- Online Booking

**UNIT# 201- 7110-**
**120TH STREET, SURREY**
(2ND FLOOR, FIRST DOOR ON THE RIGHT)

*APPOINTMENT BOOKING:*
**604-596-6775**
admin@vertexperformance.ca
www.vertexperformance.ca
*ONLINE BOOKING*

WE ARE OFFERING
**$50 MASSAGE FOR**
**1 HOUR TREATMENT**



**GARRY SARAN**
CHIROPRACTOR



**GURNEET COMBOW**
BODY WORKER



**VINCENT WANG**
ACUPUNCTURIST & HERBALIST



**SANKLAP THAKUR**
MASSAGE THERAPIST



**IAREN RAI**
CLINICAL COUNSELLOR



**SAMREEN SANDHU**
KINESIOLOGIST




**HARPREET SINGH**
PHYSIOTHERAPIST

# ਮੁੜ ਵਸੇਬਾ ਕਲੀਨਿਕ

**SERVING YOU SINCE 2006**

**SURREY'S LEADING REHABILITION CLINIC**



www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
• Complete Dentures
• Immediate Dentures
• Partial Dentures
• Dentures Over Implants
• Same Day Relines
• Repairs, Soft Linings
• Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
CONSUMER CHOICE AWARD 2018 VANCOUVER
Business Category Denturist
WE ARE DENTURISTS
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile
Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111




• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
72 Ave.
WALMART
RBC
BMO
SATNAM PLAZA
70 Ave.
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ




LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3




ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

## ਗਡਕਰੀ ਨਗਪੁਰ ਤੋਂ ਚੋਣ ਲੜਨਗੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਰਨਾਲ ਤੋਂ ਚੋਣ ਲੜਨਗੇ :ਹੰਸ ਰਾਜ ਹੰਸ ਨੂੰ ਟਿਕਟ ਨਹੀਂ !

ਨਵੀਂ ਦਿੱਲੀ: ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਗਾਮੀ ਲੋਕ ਸਭਾ ਚੋਣਾਂ ਲਈ ਅਪਣੇ 72 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿਤੀ ਹੈ। ਦੂਜੀ ਸੂਚੀ 'ਚ ਸਭ ਤੋਂ ਪ੍ਰਮੁੱਖ ਨਾਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਹੈ ਜਿਨ੍ਹਾਂ ਨੂੰ ਕਰਨਾਲ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ ਨੇ ਅੱਜ ਹੀ ਹਰਿਆਣਾ ਵਿਧਾਨ ਸਭਾ 'ਚੋਂ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦਿਤਾ ਸੀ। ਸੂਚੀ 'ਚ ਉੱਤਰਾਖੰਡ, ਮਹਾਰਾਸ਼ਟਰ, ਤੇਲੰਗਾਨਾ, ਤ੍ਰਿਪੁਰਾ, ਹਿਮਾਚਲ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼, ਦਿੱਲੀ, ਗੁਜਰਾਤ, ਹਰਿਆਣਾ ਤੋਂ ਉਮੀਦਵਾਰਾਂ ਦੇ ਨਾਂ ਸ਼ਾਮਲ। ਦੂਜੀ ਸੂਚੀ 'ਚ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੂੰ ਹਿਮਾਚਲ ਦੀ ਹਮੀਰਪੁਰ ਲੋਕ ਸਭਾ ਸੀਟ ਤੋਂ, ਸਾਬਕਾ ਮੁੱਖ ਮੰਤਰੀ ਬਸਵਰਾਜ ਬੋਮਈ ਨੂੰ ਕਰਨਾਟਕ ਦੇ ਹਾਵੇਰੀ ਤੋਂ ਅਤੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੂੰ ਧਾਰਵਾੜ ਤੋਂ ਉਮੀਦਵਾਰ ਬਣਾਇਆ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਇਕ ਵਾਰੀ ਫਿਰ ਨਾਗਪੁਰ ਤੋਂ ਉਮੀਦਵਾਰ ਹੋਣਗੇ। ਭਾਜਪਾ ਨੇ ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੂੰ ਮਹਾਰਾਸ਼ਟਰ ਦੀ ਮੁੰਬਈ ਉੱਤਰੀ ਲੋਕ ਸਭਾ ਸੀਟ ਤੋਂ ਅਪਣਾ ਉਮੀਦਵਾਰ ਬਣਾਇਆ ਹੈ। ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੂੰ ਹਰਿਦੁਆਰ ਲੋਕ ਸਭਾ ਹਲਕੇ ਤੋਂ ਅਤੇ ਭਾਜਪਾ ਦੇ ਕੌਮੀ ਮੀਡੀਆ ਇੰਚਾਰਜ ਅਨਿਲ ਬਲੂਨੀ ਨੂੰ ਪੌੜੀ ਗੜ੍ਹਵਾਲ ਸੰਸਦੀ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਨੇ ਪੂਰਬੀ ਦਿੱਲੀ ਤੋਂ ਗੌਤਮ ਗੰਭੀਰ ਦੀ ਥਾਂ ਹਰਸ਼ ਮਲਹੋਤਰਾ ਅਤੇ ਉੱਤਰ ਪਛਮੀ ਦਿੱਲੀ ਤੋਂ ਹੰਸ ਰਾਜ ਹੰਸ ਦੀ ਥਾਂ ਯੋਗੇਂਦਰ ਚੰਦੋਲੀਆ ਨੂੰ ਉਮੀਦਵਾਰ ਬਣਾਇਆ ਹੈ।

## ਕੈਨੇਡਾ ਤੋਂ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਜਾ ਰਹੇ ਤਿੰਨ ਭਾਰਤੀਆਂ ਸਮੇਤ ਚਾਰ ਲੋਕ ਗ੍ਰਿਫ਼ਤਾਰ

ਵਾਸ਼ਿੰਗਟਨ, : ਅਮਰੀਕਾ ਵਿੱਚ ਗੈਰ-ਕਾਨੂੰਨੀ ਦਾਖਲ ਹੋਣ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਭਾਵੇਂ ਉਹ ਮੈਕਸੀਕਨ ਸਰਹੱਦ ਤੋਂ ਘੁਸਪੈਠ ਕਰਨ ਵਾਲੇ ਲੋਕ ਹੋਣ ਜਾਂ ਕੈਨੇਡਾ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪ੍ਰਵੇਸ਼ ਕਰਨ ਵਾਲੇ ਲੋਕ। ਇਕ ਨਵੀਂ ਘਟਨਾ ਅਨੁਸਾਰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ ਤਿੰਨ ਭਾਰਤੀ ਵੀ ਸ਼ਾਮਿਲ ਹਨ। ਕੈਨੇਡੀਅਨ ਸਰਹੱਦ ਨੇੜੇ ਇੱਕ ਥਾਂ ਤੋਂ ਤਿੰਨ ਭਾਰਤੀਆਂ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਯੂਐਸ ਬਾਰਡਰ ਪੈਟਰੋਲ ਨੇ ਇੱਕ ਔਰਤ ਸਮੇਤ ਚਾਰ ਲੋਕਾਂ ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ, ਜਦੋਂ ਉਨ੍ਹਾਂ ਨੇ ਬਫੇਲੋ ਸ਼ਹਿਰ ਵਿੱਚ ਅੰਤਰਰਾਸ਼ਟਰੀ ਰੇਲਮਾਰਗ ਪੁਲ ਉੱਤੇ ਚੱਲਦੀ ਮਾਲ ਗੱਡੀ ਤੋਂ ਛਾਲ ਮਾਰ ਦਿੱਤੀ। ਚੌਥਾ ਵਿਅਕਤੀ ਡੋਮਿਨਿਕਨ ਰੀਪਬਲਿਕ ਦਾ ਨਾਗਰਿਕ ਹੈ। ਜਿਵੇਂ ਹੀ ਪੁਲਿਸ ਨੇੜੇ ਪਹੁੰਚੀ ਤਾਂ ਉਕਤ ਵਿਅਕਤੀਆਂ ਨੇ ਜ਼ਖਮੀ ਔਰਤ ਨੂੰ ਛੱਡ ਦਿੱਤਾ ਅਤੇ ਉਥੋਂ ਭੱਜ ਗਏ, ਪਰ ਉਕਤ ਵਿਅਕਤੀਆਂ ਨੂੰ ਪੁਲਿਸ ਨੇ ਪਿੱਛਾ ਕਰਕੇ ਕਾਬੂ ਕਰ ਲਿਆ।

## ਭਾਜਪਾ ਨੂੰ ਡਰ

ਭਾਜਪਾ ਆਗੂਆਂ ਦਾ ਨਾਅਰਾ 'ਇਸ ਵਾਰ 400 ਪਾਰ' ਦਾ ਹੈ, ਪਰ ਡਰ ਨਾਲ ਲੱਤਾਂ ਲੜਖੜਾ ਰਹੀਆਂ ਹਨ। ਸਾਂਸਦ ਮੈਦਾਨ ਛੱਡ ਰਹੇ ਹਨ। ਕਿਸੇ ਨੂੰ ਆਪਣੀ ਖੇਡ ਦਾ ਪਿਆਰ ਜਾਗ ਰਿਹਾ ਹੈ, ਕੋਈ ਵਾਤਾਵਰਣ ਦੀ ਰੱਖਿਆ ਲਈ ਸਮਰਪਤ ਹੋਣ ਦਾ ਬਹਾਨਾ ਬਣਾ ਰਿਹਾ ਹੈ ਤੇ ਕੋਈ ਕਹਿ ਰਿਹਾ ਹੈ ਕਿ ਉਸ ਨੂੰ ਉਸ ਦਾ ਡਾਕਟਰੀ ਪੇਸ਼ਾ ਬੁਲਾ ਰਿਹਾ ਹੈ। ਹੁਣ ਤੱਕ ਤਿੰਨ ਸਾਂਸਦ ਕਾਂਗਰਸ ਦਾ ਪੱਲਾ ਫੜ ਚੁੱਕੇ ਹਨ। ਇਹ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਪੈਣ ਵਾਲੀ ਭਾਜੜ ਦਾ ਸੰਕੇਤ ਹੈ। ਪ੍ਰਧਾਨ ਸੇਵਕ ਕਸ਼ਮੀਰ ਤੋਂ ਕੰਨਿਆ ਕੁਮਾਰੀ ਅਤੇ ਗੁਜਰਾਤ ਤੋਂ ਗੁਹਾਟੀ ਤੱਕ ਬਿਨਾਂ ਰੁਕੇ ਕਦਮ ਤਾਲ ਕਰ ਰਿਹਾ ਹੈ। ਦਿੱਲੀ ਬੈਠਾ ਦੋ ਨੰਬਰੀ ਈ ਡੀ ਤੇ ਸੀ ਬੀ ਆਈ ਰਾਹੀਂ ਭ੍ਰਿਸ਼ਟ ਕਾਂਗਰਸੀਆਂ ਨੂੰ ਤੋੜ-ਤੋੜ ਕੇ ਭਾਜਪਾ ਨੂੰ ਕਾਂਗਰਸ-ਯੁਕਤ ਕਰਨ ਵਿੱਚ ਲੱਗਾ ਹੋਇਆ ਹੈ। ਇਸ ਦੇ ਨਾਲ ਹੀ ਉਹ ਹਰ ਰਾਜ ਵਿੱਚ ਦੂਜੀਆਂ ਪਾਰਟੀਆਂ ਦੀਆਂ ਫਾਹੁੜੀਆਂ ਦਾ ਜੁਗਾੜ ਕਰਕੇ ਅਧਰੰਗ ਮਾਰੀ ਭਾਜਪਾ ਨੂੰ ਤੁਰਨ ਜੋਗੀ ਕਰਨ ਦੇ ਆਹਰ ਵਿੱਚ ਲੱਗਾ ਹੋਇਆ ਹੈ। ਦੁਨੀਆ ਦੀ ਸਭ ਤੋਂ ਵੱਧ ਮੈਂਬਰਾਂ ਵਾਲੀ ਪਾਰਟੀ ਨੂੰ ਆਖਰ ਏਨਾ ਡਰ ਕਿਉਂ ਹੈ? ਅਸਲ ਵਿੱਚ ਉਸ ਨੇ ਜੋ ਸੋਚਿਆ ਸੀ, ਹਕੀਕਤ ਉਹ ਨਹੀਂ ਹੈ। ਧਰੁਵੀਕਰਨ ਵਾਲਾ ਹਥਿਆਰ ਖੁੰਢਾ ਹੋ ਚੁੱਕਾ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੀ ਕਿਆਸੀ ਗਈ ਲਹਿਰ ਦੇ ਪ੍ਰਾਣ ਨਿਕਲ ਚੁੱਕੇ ਹਨ। ਅੰਧ-ਰਾਸ਼ਟਰਵਾਦ ਦੀ ਹਵਾ ਵੀ ਹਵਾ ਹੋ ਚੁੱਕੀ ਹੈ। ਸਚਾਈ ਇਹ ਹੈ ਕਿ ਭਾਜਪਾ ਵੱਲੋਂ ਕਰਾਏ ਗਏ ਅੰਦਰੂਨੀ ਸਰਵੇ ਨੇ ਦੱਸ ਦਿੱਤਾ ਹੈ ਕਿ ਉੱਤਰੀ ਤੇ ਮੱਧ ਭਾਰਤ ਦੇ ਜਿਹੜੇ ਰਾਜਾਂ ਵਿੱਚ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਉਸ ਨੇ ਹੂੰਝਾ ਫੇਰੂ ਜਿੱਤ ਰਾਹੀਂ 247 ਸੀਟਾਂ ਜਿੱਤੀਆਂ ਸਨ, ਉਹ 103 ਉੱਤੇ ਆ ਕੇ ਅਟਕ ਗਈਆਂ ਹਨ। ਮਸਲਾ ਹੁਣ 400 ਦਾ ਨਹੀਂ 273 ਤੱਕ ਪੁੱਜਣ ਦਾ ਹੈ। ਇਸ ਲਈ ਓਹੜ-ਪੋਹੜ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹਰਿਆਣੇ ਵਿੱਚ ਕਿਸਾਨ ਅੰਦੋਲਨ ਨੇ ਮੁੱਖ ਮੰਤਰੀ ਖੱਟਰ ਦੀ ਬਲੀ ਲੈ ਲਈ ਹੈ। ਇਸ ਦੇ ਬਾਵਜੂਦ ਉਥੇ ਭਾਜਪਾ ਨੂੰ ਮਾਂਜਾ ਫਿਰਨ ਤੋਂ ਰੋਕਿਆ ਨਹੀਂ ਜਾ ਸਕਦਾ। ਜਾਖਲ ਵਿੱਚ ਖੇਤੀ ਮੰਤਰੀ ਦੀਆਂ ਜਿਸ ਤਰ੍ਹਾਂ ਕਿਸਾਨਾਂ ਨੇ ਦੌੜਾਂ ਲਗਾਈਆਂ ਹਨ, ਉਹ ਇਸ ਦਾ ਟਰੇਲਰ ਹੈ। ਮਹਿੰਗਾਈ, ਬੇਰੁਜ਼ਗਾਰੀ ਤੇ ਖੇਤੀ ਸੰਕਟ ਕਾਰਨ ਲੋਕਾਂ ਦਾ ਗੁੱਸਾ ਅਸਮਾਨ ਛੂਹ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਮੋਦੀ ਵਿਰੁੱਧ ਟਿੱਪਣੀਆਂ ਤੇ ਵਿਅੰਗਾਤਮਕ ਵੀਡੀਓਜ਼ ਦਾ ਹੜ੍ਹ ਆਇਆ ਹੋਇਆ ਹੈ। ਭਾਜਪਾ ਦੀ ਸੋਸ਼ਲ ਮੀਡੀਆ ਆਰਮੀ ਨੂੰ ਲਕਵਾ ਮਾਰ ਚੁੱਕਾ ਹੈ। ਬਿਹਾਰ ਵਿੱਚ ਹੱਥਾਂ ਵਿੱਚ ਕਮਲ ਫੁੱਲ ਵਾਲੇ ਭਗਵਾਂ ਝੰਡੇ ਲੈ ਕੇ ਕੇਂਦਰੀ ਮੰਤਰੀ ਗਿਰੀਰਾਜ ਦੀ ਕਾਰ ਘੇਰ ਕੇ ਮੁਰਦਾਬਾਦ ਦੇ ਨਾਅਰੇ ਲਾ ਰਹੇ ਭਾਜਪਾ ਕਾਰਕੁਨਾਂ ਦਾ ਵੀਡੀਓ ਅੱਗੇ ਤੋਂ ਅੱਗੇ ਵਧ ਰਿਹਾ ਹੈ। ਦੇਸ਼ ਦੇ ਸਭ ਤੋਂ ਵੱਡੇ ਘਪਲੇ ਚੋਣ ਬਾਂਡਾਂ ਰਾਹੀਂ ਇਕੱਠੇ ਕੀਤੇ ਧਨ ਦੇ ਅੰਕੜੇ ਬਾਹਰ ਨਾ ਆ ਜਾਣ, ਇਸ ਲਈ ਐੱਸ ਬੀ ਆਈ ਰਾਹੀਂ ਪੂਰੀ ਵਾਹ ਲਾਈ ਗਈ, ਪਰ ਸੁਪਰੀਮ ਕੋਰਟ ਦੇ ਡੰਡੇ ਨੇ ਇੱਕ ਨਾ ਚੱਲਣ ਦਿੱਤੀ। ਹੁਣ ਜਦੋਂ ਪੜਾਅ-ਦਰ-ਪੜਾਅ ਭਾਜਪਾ ਦੇ ਭ੍ਰਿਸ਼ਟਾਚਾਰ ਦਾ ਚਿੱਠਾ ਲੋਕਾਂ ਸਾਹਮਣੇ ਆਵੇਗਾ, ਤਾਂ ਭਾਜਪਾ ਦਾ ਭਗਵਾਂ ਰੰਗ ਪੀਲਾ ਪੈ ਜਾਵੇਗਾ। ਇਸ ਤੋਂ ਬਾਅਦ ਸੀ ਏ ਏ ਦਾ ਸੱਪ ਬਾਹਰ ਕੱਢ ਕੇ ਮੁੜ ਧਰੁਵੀਕਰਨ ਦਾ ਦਾਅ ਖੇਡਿਆ ਗਿਆ, ਪਰ ਉਹ ਵੀ ਠੁੱਸ ਹੋ ਗਿਆ ਹੈ। ਮੁਸਲਮਾਨਾਂ ਨੂੰ ਪਤਾ ਹੈ ਕਿ ਇਨ੍ਹਾਂ ਨਫ਼ਰਤੀ ਹਾਕਮਾਂ ਦੀ ਮਿਆਦ ਸਿਰਫ਼ ਤਿੰਨ ਮਹੀਨੇ ਹੀ ਹੈ, ਇਸ ਲਈ ਸਬਰ ਤੋਂ ਕੰਮ ਲਿਆ ਜਾਵੇ। ਉਲਟਾ ਅਸਾਮ ਵਿੱਚ ਇਸ ਵਿਰੁੱਧ ਉਠੇ ਅੰਦੋਲਨ ਨੇ ਭਾਜਪਾ ਨੂੰ ਉਥੋਂ ਵੀ ਹੂੰਝ ਦੇਣਾ ਹੈ। ਇਹ ਚੰਗੀ ਗੱਲ ਹੈ ਕਿ 'ਇੰਡੀਆ' ਗਠਜੋੜ ਬੋਚ-ਬੋਚ ਕੇ ਕਦਮ ਪੁੱਟ ਰਿਹਾ ਹੈ। ਇਸ ਨੇ ਤਾਮਿਲਨਾਡੂ, ਹਰਿਆਣਾ, ਦਿੱਲੀ ਤੇ ਯੂ ਪੀ ਵਿੱਚ ਸੀਟਾਂ ਦੀ ਵੰਡ ਕਰ ਲਈ ਹੈ। ਰਾਜਸਥਾਨ, ਛਤੀਸਗੜ੍ਹ, ਮੱਧ ਪ੍ਰਦੇਸ਼ ਤੇ ਗੁਜਰਾਤ ਵਿੱਚ ਆਦਿਵਾਸੀ ਪਾਰਟੀਆਂ ਨਾਲ ਗੱਲਬਾਤ ਚੱਲ ਰਹੀ ਹੈ। ਮਹਾਰਾਸ਼ਟਰ ਤੇ ਬਿਹਾਰ ਵਿੱਚ ਸੀਟ ਵੰਡ ਦੀ ਗੱਲਬਾਤ ਆਖਰੀ ਦੌਰ ਵਿੱਚ ਹੈ। ਯੂ ਪੀ ਵਿੱਚ ਗਠਜੋੜ ਦੀ ਮੁੱਖ ਧਿਰ ਸਪਾ ਤੇ ਭਾਈਵਾਲ ਕਾਂਗਰਸ ਚੁੱਪ ਬੈਠੀਆਂ ਹਨ। ਅਸਲ ਵਿੱਚ ਉਹ ਬਸਪਾ ਨੂੰ ਵੀ ਗਠਜੋੜ ਵਿੱਚ ਸ਼ਾਮਲ ਕਰਨ ਦੀਆਂ ਇੱਛੁਕ ਹਨ। ਇਸ ਲਈ ਚੰਦਰ ਸ਼ੇਖਰ ਵਾਲੀ ਨਗੀਨਾ ਦੀ ਸੀਟ ਦਾ ਵੀ ਫੈਸਲਾ ਨਹੀਂ ਕੀਤਾ, ਕਿਉਂਕਿ ਮਾਇਆਵਤੀ ਉਸ ਦੇ ਵਿਰੋਧ ਵਿੱਚ ਹੈ। ਜੇ ਬਸਪਾ ਵੀ ਇੰਡੀਆ ਗਠਜੋੜ ਵਿੱਚ ਆਉਂਦੀ ਹੈ ਤਾਂ ਦੇਸ਼ ਦਾ ਮਾਹੌਲ ਇਕਦਮ ਬਦਲ ਜਾਵੇਗਾ। ਬਾਕੀ ਰਾਜਾਂ ਵਿੱਚ ਵੀ ਅੰਦਰਖਾਤੇ ਕੋਸ਼ਿਸ਼ਾਂ ਜਾਰੀ ਹਨ, ਬਸ ਉਡੀਕ ਚੋਣਾਂ ਦੇ ਐਲਾਨ ਦੀ ਹੈ।--ਚੰਦ ਫਤਿਹਪੁਰੀ

## ਅਪਰੈਲ ਵਿੱਚ ਫੈਡਰਲ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਵੇਗਾ ਵਾਧਾ

ਓਨਟਾਰੀਓ, : ਅਗਲੇ ਮਹੀਨੇ ਤੋਂ ਫੈਡਰਲ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਹੋਣ ਜਾ ਰਿਹਾ ਹੈ। ਇਸ ਸਾਲ ਦੇ ਸ਼ੁਰੂ ਵਿੱਚ ਫੈਡਰਲ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਆਪਣੇ ਵਰਕਰਜ਼ ਲਈ ਉਜਰਤਾਂ ਵਿੱਚ ਪਹਿਲੀ ਅਪਰੈਲ ਤੋਂ 65 ਸੈਂਟ ਦਾ ਵਾਧਾ ਕੀਤਾ ਜਾਵੇਗਾ ਜਾਂ ਪ੍ਰਤੀ ਘੰਟੇ ਪਿੱਛੇ 17·30 ਡਾਲਰ ਦਿੱਤੇ ਜਾਣਗੇ। ਮਹਿੰਗਾਈ ਨੂੰ ਵੇਖਦਿਆਂ ਹੋਇਆਂ ਘੱਟ ਤੋਂ ਘੱਟ ਉਜਰਤਾਂ ਨੂੰ ਸਾਲਾਨਾ ਪੱਧਰ ਉੱਤੇ ਵਧਾਉਣ ਦੇ ਜਸਟਿਨ ਟਰੂਡੋ ਸਰਕਾਰ ਦੇ ਵਾਅਦੇ ਮੁਤਾਬਕ ਹੀ ਇਹ ਵਾਧਾ ਕੀਤਾ ਜਾ ਰਿਹਾ ਹੈ। ਇਸ ਤਬਦੀਲੀ ਨਾਲ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਇੰਡਸਟਰੀਜ਼ ਜਿਵੇਂ ਕਿ ਇੰਟਰਨੈਸ਼ਨਲ ਤੇ ਇੰਟਰਪ੍ਰੋਵਿੰਸ਼ੀਅਲ ਟਰਾਂਸਪੋਰਟੇਸ਼ਨ, ਟੈਲੀਕਮਿਊਨਿਕੇਸ਼ਨ, ਬੈਂਕਿੰਗ, ਪੋਸਟਲ ਤੇ ਕੁਰੀਅਰ ਸਰਵਿਸਿਜ਼ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਫਾਇਦਾ ਹੋਵੇਗਾ। ਇਸ ਨਾਲ 18 ਸਾਲ ਤੋਂ ਘੱਟ ਉਮਰ ਦੇ ਇੰਟਰਨਜ਼ ਤੇ ਵਰਕਰਜ਼ ਨੂੰ ਵੀ ਫਾਇਦਾ ਮਿਲੇਗਾ।



# 16 ਮਾਰਚ : ਬਰਸੀ ‘ਤੇ ਵਿਸ਼ੇਸ਼ – ਉੱਤਰੀ ਅਮਰੀਕਾ ਦੀ ਧਰਤੀ ‘ਤੇ ਫਾਸ਼ੀਵਾਦ ਤੇ ਨਸਲਵਾਦ ਅਤੇ ਭਾਰਤ ਅੰਦਰ ਘੱਟ ਗਿਣਤੀ ਵਿਰੋਧੀ ਤਾਕਤਾਂ ਖਿਲਾਫ਼ ਲੜਨ ਵਾਲੇ ਮਨੁੱਖੀ ਅਧਿਕਾਰਾਂ ਦੇ ਆਲੰਬਰਦਾਰ ਡਾ.ਹਰੀ ਸ਼ਰਮਾ

ਉੱਤਰੀ ਅਮਰੀਕਾ ਦੀ ਧਰਤੀ ‘ਤੇ ਫਾਸ਼ੀਵਾਦ, ਨਸਲਵਾਦ ਅਤੇ ਭਾਰਤ ਅੰਦਰ ਘੱਟ ਗਿਣਤੀਆਂ ਦੀਆਂ ਵਿਰੋਧੀ ਤਾਕਤਾਂ ਖਿਲਾਫ਼ ਲੜਨ ਵਾਲੇ ਉੱਘੇ ਲੇਖਕ ਤੇ ਮਨੁੱਖੀ ਅਧਿਕਾਰਾਂ ਦੇ ਆਲੰਬਰਦਾਰ ਡਾ.ਹਰੀ ਸ਼ਰਮਾ 1934 ਵਿਚ ਭਾਰਤ ‘ਚ ਜਨਮੇ। ਹਰੀ ਸ਼ਰਮਾ ਦਿੱਲੀ ਯੂਨੀਵਰਸਿਟੀਆਂ ਤੋਂ ਇਲਾਵਾ, ਯੂਨੀਵਰਸਿਟੀ ਆਫ ਕੈਲੀਫੋਰਨੀਆ ਅਤੇ ਲਾਸ ਏਂਜਲਸ ਸਮੇਤ 1968 ਤੋਂ ਸਾਇਮਨ ਫਰੇਜ਼ਰ ਯੂਨੀਵਰਸਿਟੀ ‘ਚ ਬਤੌਰ ਪ੍ਰੋਫ਼ੈਸਰ ਲੰਮਾ ਸਮਾਂ ਪੜਾਉਂਦੇ ਰਹੇ। ਉਨ੍ਹਾਂ ਲੇਖਕ ਵਜੋਂ ਸਾਹਿਤ ਸਿਰਜਨਾ ਕੀਤੀ ਅਤੇ ਜ਼ਾਲਮ ਸਰਕਾਰਾਂ ਪੱਖੀ ਤਾਕਤਾਂ ਖਿਲਾਫ਼ ਸੰਘਰਸ਼ ਵੀ ਕੀਤੀ। ਡਾ. ਹਰੀ ਸ਼ਰਮਾ ਨੇ ਕੈਨੇਡਾ ‘ਚ 1970ਵਿਆ ‘ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰ ਗਾਂਧੀ ਦੇ ਆਉਣ ‘ਤੇ, ਉਸ ਦੀਆਂ ਐਮਰਜੰਸੀ ਦੌਰਾਨ ਲੋਕ ਵਿਰੋਧੀ ਨੀਤੀਆਂ ਖਿਲਾਫ਼ ਝੰਡਾ ਚੁੱਕਿਆ ਅਤੇ 2008 ਵਿਚ ਉਸ ਵੇਲੇ ਗੁਜਰਾਤ ਦੇ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੈਨੇਡਾ ਦਾ ਵੀਜ਼ਾ ਦਿੱਤੇ ਜਾਣ ਖਿਲਾਫ਼ ਅਵਾਜ਼ ਉਠਾਈ ਤੇ ਉਸ ਦੇ ਕੈਨੇਡਾ ਦਾਖਲੇ ‘ਤੇ ਪਾਬੰਦੀ ਲਵਾਈ। ਕੈਨੇਡਾ ‘ਚ ਭਾਰਤੀ ਮੂਲ ਦੇ ਕਈ ਮੰਤਰੀ, ਵਿਧਾਇਕ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਡਾ. ਹਰੀ ਸ਼ਰਮਾ ਦੀ ਹੀ ਦੇਣ ਮੰਨੇ ਜਾਂਦੇ ਹਨ। ਡਾਕਟਰ ਹਰੀ ਸ਼ਰਮਾ ਨਾਲ ਪਹਿਲੀ ਵਾਰ ਮੁਲਾਕਾਤ ਸੰਨ 2000 ਵਿੱਚ ਹੋਈ। ਉਨ੍ਹਾਂ ਆਪਣੀ ਕਿਤਾਬ ‘ਵਾਪਸੀ ਅਤੇ ਮੇਰਾ ਦੋਸਤ’ ਪਿਆਰ ਸਹਿਤ ਦਿੰਦਿਆਂ ਕਿਹਾ ਕਿ ਇਹ ਜਰੂਰ ਪੜਿਓ।‘ਵਾਪਸੀ’, ‘ਇਕ ਬੇਕਾਰ ਆਦਮੀ’, ‘ਬੁਜ਼ਦਿਲੀ’, ‘ਮਾਲਿਕ ਕੌਣ’, ‘ਮੇਰਾ ਦੋਸਤ’, ‘ਮਿੱਟੀ ਕੀ ਲੋਥ’ ਕਹਾਣੀਆਂ ਕਮਾਲ ਦੀਆਂ ਹਨ। ‘ਰੇਡੀਓ ਪੰਜਾਬ’ ‘ਤੇ ਡਾਕਟਰ ਸ਼ਰਮਾ ਨਾਲ ਅਕਸਰ ਗੱਲਬਾਤ ਹੁੰਦੀ।ਬੜੇ ਭਾਵਪੂਰਤ ਵਿਚਾਰ ਦਿੰਦੇ। ਡਾ. ਹਰੀ ਸ਼ਰਮਾ 16 ਮਾਰਚ 2010 ਨੂੰ ਕੈਂਸਰ ਦੀ ਬੀਮਾਰੀ ਕਾਰਨ ਚੱਲ ਵਸੇ,ਪਰ ਉਨ੍ਹਾਂ ਆਪਣੀ ਸੰਪਤੀ ਤੇ ਘਰ ਸਾਈਮਨ ਫਰੇਜ਼ਰ ਯੂਨੀਵਰਸਿਟੀ ਨੂੰ, ਜਿਉਂਦਿਆਂ ਹੀ ਦਾਨ ਕਰ ਦਿੱਤੇ। ਮਨੁੱਖੀ ਅਧਿਕਾਰਾਂ ਦੀ ਸੰਸਥਾ ‘ਸਾਂਸਦ’ ਅਤੇ ਕਈ ਹੋਰ ਜੱਥੇਬੰਦੀਆਂ ਡਾ. ਹਰੀ ਸ਼ਰਮਾ ਦੀ ਦੇਣ ਹਨ ਉਨ੍ਹਾਂ ਦੇ ਚੇਲੇ ਵੱਡੇ-ਵੱਡੇ ਅਹੁਦਿਆਂ ਅਤੇ ਮੰਤਰੀ ਪਦ ‘ਤੇ ਪਹੁੰਚੇ ਹੋਏ ਹਨ, ਪਰ ਉਨ੍ਹਾਂ ਦੀ ਬਰਸੀ ਸ਼ਾਇਦ ਹੀ ਕਿਸੇ ਨੂੰ ਯਾਦ ਹੋਵੇ। ਮਨੁੱਖੀ ਹੱਕਾਂ ਦੇ ਕਾਰਕੁੰਨ ਤੇ ਲੇਖਕ ਡਾ. ਹਰੀ ਸ਼ਰਮਾ ਦੀ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਵਡਮੁੱਲੀ ਦੇਣ ਹੈ।ਅੱਜ ਫਾਸ਼ੀਵਾਦੀ ਤਾਕਤਾਂ ਜ਼ੋਰ ਫੜ ਰਹੀਆਂ ਹਨ, ਅਜਿਹੇ ਸਮੇਂ ਡਾਕਟਰ ਹਰੀ ਸ਼ਰਮਾ ਦੀ ਮਨੁੱਖੀ ਅਧਿਕਾਰਾਂ ਦੇ ਹੱਕ ਅਤੇ ਹਿੰਦੂਤਵੀ ਤਾਕਤਾਂ ਖ਼ਿਲਾਫ਼ ਜ਼ੋਰਦਾਰ ਆਵਾਜ਼ ਦੀ ਘਾਟ ਮਹਿਸੂਸ ਹੋ ਰਹੀ ਹੈ। -ਡਾ. ਗੁਰਵਿੰਦਰ ਸਿੰਘ

## ‘ਰੂਸ ਤੋਂ ਖ਼ਰੀਦੇ ਜਾਂਦੇ ਨੇ ਸਭ ਤੋਂ ਵੱਧ ਹਥਿਆਰ’ ਦੁਨੀਆਂ ਦੇ ਸੱਭ ਤੋਂ ਵੱਡੇ ਹਥਿਆਰ ਖਰੀਦਣ ਵਾਲਿਆਂ ਦੀ ਸੂਚੀ ’ਚ ਭਾਰਤ ਪਹਿਲੇ ਬੰਬਰ ‘ਤੇ

ਲੰਡਨ: ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਹਥਿਆਰ ਆਯਾਤਕ ਬਣਿਆ ਹੋਇਆ ਹੈ, ਜਿਸ ’ਚ 2014-2018 ਅਤੇ 2019-2023 ਦੇ ਵਿਚਕਾਰ 4.7 ਫ਼ੀ ਸਦੀ ਦਾ ਵਾਧਾ ਹੋਇਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰੀਸਰਚ ਇੰਸਟੀਚਿਊਟ (ਸਿਪਰੀ) ਨੇ ਸੋਮਵਾਰ ਨੂੰ ਇਕ ਰੀਪੋਰਟ ਵਿਚ ਕਿਹਾ ਕਿ ਰੂਸ ਭਾਰਤ ਦਾ ਮੁੱਖ ਹਥਿਆਰ ਸਪਲਾਈਕਰਤਾ ਬਣਿਆ ਹੋਇਆ ਹੈ।। ਉਨ੍ਹਾਂ ਕਿਹਾ ਕਿ ਰੂਸ 36 ਫੀ ਸਦੀ ਹਥਿਆਰਾਂ ਨਾਲ ਭਾਰਤ ਦਾ ਮੁੱਖ ਹਥਿਆਰ ਸਪਲਾਈਕਰਤਾ ਬਣਿਆ ਹੋਇਆ ਹੈ।ਭਾਰਤ ਤੋਂ ਬਾਅਦ ਦੂਜੇ ਨੰਬਰ ’ਤੇ ਸਾਊਦੀ ਅਰਬ ਹਥਿਆਰਾਂ ਦਾ ਸਭ ਤੋਂ ਵੱਡਾ ਆਯਾਤਕ ਹੈ। ਦੁਨੀਆਂ ਦੇ ਕੁਲ ਹਥਿਆਰ ਆਯਾਤ ਦਾ 8.4 ਫ਼ੀਸਦੀ ਸਾਊਦੀ ਅਰਬ ਨੇ ਆਯਾਤ ਕੀਤਾ। ਰੀਪੋਰਟ ਮੁਤਾਬਕ ਪਾਕਿਸਤਾਨ ਨੇ ਹਥਿਆਰਾਂ ਦੇ ਆਯਾਤ ’ਚ 43 ਫੀ ਸਦੀ ਦਾ ਵਾਧਾ ਕੀਤਾ ਹੈ। ਰੀਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ 2019-23 ਵਿਚ ਹਥਿਆਰਾਂ ਦਾ ਪੰਜਵਾਂ ਸੱਭ ਤੋਂ ਵੱਡਾ ਆਯਾਤਕ ਸੀ ਅਤੇ ਚੀਨ ਇਸ ਦੇ ਮੁੱਖ ਸਪਲਾਇਰ ਵਜੋਂ ਹੋਰ ਵੀ ਪ੍ਰਭਾਵਸ਼ਾਲੀ ਬਣ ਗਿਆ। ਪਾਕਿਸਤਾਨ ਦੇ ਹਥਿਆਰਾਂ ਦੇ ਆਯਾਤ ਦਾ 82 ਫੀ ਸਦੀ ਹਿੱਸਾ ਚੀਨ ਤੋਂ ਆਉਂਦਾ ਹੈ।




Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400

2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188

#255-13711-72Ave Surrey, BC



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਗੁਰਦਵਾਰਾ ਸਾਹਿਬ ਵਿਖੇ ਗੁਰ ਗੱਦੀ ਦਿਵਸ ਗੁਰੂ ਹਰਿ ਰਾਏ ਜੀ ,ਨਾਨਾਕ ਸ਼ਾਹੀ ਨਵਾਂ ਸਾਲ ਅਤੇ ਦਿੱਲੀ ਫਤਿਹ ਦਿਵਸ ਮਨਾਇਆ ਜਾਵੇਗਾ।ਤਿੰਨ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਕਾਸ਼ ਹੋਣਗੇ। 1.ਭਾਈ ਕੁਲਦੀਪ ਸਿੰਘ ਸਿੱਧੂ ਪ੍ਰੀਵਾਰ 2.ਭਾਈ ਸਲਿੰਦਰ ਸਿੰਘ ਧਾਲੀਵਾਲ ਪ੍ਰੀਵਾਰ 3.ਭਾਈ ਪ੍ਰਮਜੀਤ ਸਿੰਘ ਕੁਲਾਰ ਪ੍ਰੀਵਾਰ। ਇਹ ਸ੍ਰੀ ਅਖੰਡ ਪਾਠ ਸਾਹਿਬ ਮਾਰਚ 15 ਨੂੰ ਸਵੇਰੇ 9:30 ਅਰੰਭ ਹੋਣਗੇ ਜਿਨਾ ਦੇ ਭੋਗ 17 ਮਾਰਚ ਦਿਨ ਐਤਵਾਰ ਨੂੰ 9:30 ਵਜ਼ੇ ਸਵੇਰੇ ਪਾਏ ਜਾਣਗੇ।ਉਪ੍ਰੰਤ ਖੁਲ੍ਹੇ ਦੀਵਾਨ ਸਜਣਗੇ,ਗੁਰੂ ਕਾ ਲੰਗਰ ਅਤੱਟ ਵਰਤੇਗਾ।

**– ਸ਼ਨਿਚਰਵਾਰ ਮਾਰਚ 16 ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਦੋ ਪ੍ਰੀਵਾਰਾਂ ਵੱਲੋਂ ਹੋਵੇਗੀ।**

1.ਭਾਈ ਸੁਰਜੀਤ ਸਿੰਘ ਮਿਨਹਾਸ ਵੱਲੋਂ ਅਨੰਦ ਕਾਰਜ਼ ਦੀ ਖੁਸ਼ੀ ਵਿੱਚ 2.ਭਾਈ ਸੁਰਜੀਤ ਸਿੰਘ ਬਿਨਿੰਗ ਪ੍ਰੀਵਾਰ

**ਐਤਵਾਰ ਮਾਰਚ 17 ਨੂੰ ਸ਼ਾਮ ਦੇ ਕੀਤਰਨ ਅਤੇ ਲੰਗਰਾਂ ਦੀ ਸੇਵਾ ਭਾਈ ਜਤਿੰਦਰ ਸਿੰਘ ਪ੍ਰੀਵਾਰ ਵੱਲੋਂ ਬੱਚੇ ਸਿਦਕ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ**

**– ਸਵਰਗੀ ਬੀਬੀ ਨਸੀਬ ਕੌਰ ਦਾ ਅੰਤਮ ਸਸਕਾਰ ਦਿਨ ਸੋਮਵਾਰ ਮਾਰਚ 18 ਨੂੰ ਦੋ ਵਜ਼ੇ ਵੈਲੀ ਵਿਊ ਫਿਊਨਰਲ ਹੋਮ ਸਰੀ 146 ਸਟਰੀਟ 72 ਐਵਨਿਊ ਵਿਖੇ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ ਸਰੀ ਵਿਖੇ ਸ਼ਾਮ 3:30 ਵਜ਼ੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।**

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਪਰਮਿੰਦਰ ਸਿੰਘ ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਸੁਖਬੀਰ ਬਾਦਲ ਲਈ ਪੰਥ ਪ੍ਰਥਮ ਨਹੀਂ

ਸੁਖਬੀਰ ਸਿੰਘ ਬਾਦਲ ਨੇ ਵਡੇ ਬਾਦਲ ਦੀ ਬਰਸੀ ਉਪਰ ਆਪਣੀ ਮਨਸ਼ਾ ਦਸ ਦਿਤੀ ਕਿ ਅਕਾਲੀ ਦਲ ਲਈ ਪੰਥ ਪ੍ਰਥਮ ਨਹੀਂ।ਉਹ ਕਹਿੰਦੇ ਹਨ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਉਪਰ ਅਕਾਲੀ ਦਲ ਪਹਿਰਾ ਦੇਵੇਗਾ। ਉਹ ਕਹਿੰਦੇ ਹਨ ਕਿ ਬਾਦਲ ਦੀ ਸੋਚ ਨੈਸ਼ਲਿਸਟ ਸੀ।ਉਹ ਕਹਿੰਦੇ ਹਨ ਜੇ ਕੇਂਦਰ ਮਜਬੂਤ ਹੋਵੇਗਾ ,ਪੰਜਾਬ ਮਜਬੂਤ ਹੋਵੇਗਾ।ਜੇ ਪੰਜਾਬ ਮਜਬੂਤ ਹੋਵੇਗਾ ਪੰਥ ਮਜਬੂਤ ਹੋਵੇਗਾ।ਮਤਲਬ ਪੰਥ ਫਾਡੀ ਹੈ।ਬਾਦਲਾਂ ਨੇ ਪੰਥ ਪ੍ਰਥਮ ਵਾਲਾ 100 ਸਾਲਾ ਅਕਾਲੀ ਦਲ ਦਾ ਇਤਿਹਾਸ ਖਤਮ ਕਰ ਦਿਤਾ ਤੇ ਅਕਾਲੀ ਦਲ ਨੂੰ ਨੈਸ਼ਨਲ ਪਾਰਟੀ ਬਣਾ ਦਿਤਾ।ਬਾਦਲ ਦਾ ਇਹ ਵਿਚਾਰ ਤੁਸੀਂ ਯੂ ਟਿਊਬ ਉਪਰ ਦੇਖ ਸਕਦੇ ਹੋ।ਜੇ ਮਾਸਟਰ ਤਾਰਾ ਸਿੰਘ ਤੋਂ ਲੈਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਚਾਰ ਉਪਰ ਅਕਾਲੀ ਦਲ ਦੇ ਸਿਧਾਂਤ ਨੂੰ ਪਰਖੀਏ ਉਹਨਾਂ ਦਾ ਵਿਚਾਰ ਪੰਥ ਪ੍ਰਥਮ ਹੈ।ਜੇ ਪੰਥ ਮਜਬੂਤ ਪੰਜਾਬ ਮਜਬੂਤ।ਜੇ ਪੰਜਾਬ ਮਜਬੂਤ ਦੇਸ ਮਜਬੂਤ।ਸਿਖ ਪੰਥ ਦੇ ਮਹਾਨ ਲੀਡਰ ਤੇ ਗਦਰੀ ਬਾਬੇ ਭਾਈ ਰਣਧੀਰ ਸਿੰਘ ਕਹਿੰਦੇ ਸਨ ਕਿ ਮੇਰਾ ਦੇਸ ਉਹ ਜਿਥੇ ਮੇਰਾ ਪੰਥ ਵਸਦਾ ਹੈ।ਚੜਦੀ ਕਲਾ ਵਿਚ ਹੈ।ਅਨੰਦਪੁਰ ਦਾ ਮਤਾ ਪੜੀਏ ਉਥੇ ਖਾਲਸਾ ਜੀ ਦਾ ਬੋਲਬਾਲਾ ਲਿਖਿਆ ਹੈ।ਮਤਲਬ ਅਕਾਲੀ ਦਲ ਦੀ ਗਲ ਪੰਥ ਦੀ ਚੜਦੀ ਕਲਾ ਤੋਂ ਸ਼ੁਰੂ ਹੁੰਦੀ ਹੈ ਪਰ ਸੁਖਬੀਰ ਬਾਦਲ ਦੀ ਗਲ ਕੇਂਦਰ ਦੀ ਮਜਬੂਤੀ ਤੋਂ ਹੁੰਦੀ ਹੈ।ਪੁਛਣਾ ਬਣਦਾ ਹੈ ਕਿ ਜੇ ਰਾਜ ਮਜਬੂਤ ਨਹੀਂ, ਕੇਂਦਰ ਮਜਬੂਤ ਹੈ ਤਾਂ ਸਿਖ ਪੰਥ ਤੇ ਪੰਜਾਬ ਦੇ ਹਕ ਕਿਥੇ ਹਨ।ਇੰਨੇ ਮੋਰਚੇ ਲਗਾਕੇ ਸਿਖ ਮਰਾਕੇ ਅਕਾਲੀ ਦਲ ਕਿਹੜੇ ਭਵਜਲ ਵਿਚ ਜਾ ਡਿਗਿਆ ਹੈ।ਸਿਖਾਂ ਨੂੰ ਅਕਾਲੀ ਦਲ ਆਪਣਾ ਨਹੀਂ ਜਾਪਦਾ ਸੁਖਬੀਰ ਬਾਦਲ ਵੀ ਆਪਣਾ ਲੀਡਰ ਨਹੀਂ ਜਾਪਦਾ।ਜੇ ਕੇਂਦਰ ਮਜਬੂਤ ਕਰਨਾ ਹੈ ਤਾਂ ਭਾਜਪਾ ਕਾਂਗਰਸ ਆਪ ਕਿਉਂ ਮਾੜੇ ਹਨ।ਅਕਾਲੀ ਦਲ ਅਜਿਹੀ ਸ਼ਮਸ਼ਾਨ ਘਾਟ ਵਿਚ ਬਾਦਲ ਪਰਿਵਾਰ ਨੇ ਜਾ ਦਬਿਆ ਜਿਥੋਂ ਬਾਹਰ ਨਿਕਲਣਾ ਔਖਾ ਹੈ।ਸਤਿਗੁਰੂ ਗੋਬਿੰਦ ਸਿੰਘ ਦਾ ਵਿਚਾਰ ਸੀ ਖਾਲਸਾ ਮੇਰੋ ਸਤਿਗੁਰੂ ਪੂਰਾ,ਪਰ ਸੁਖਬੀਰ ਬਾਦਲ ਨੇ ਫਾਡੀ ਬਣਾ ਦਿਤਾ।ਖਾਲਸਾ ਪੰਥ ਸਿਰਫ ਭਾਰਤ ਵਿਚ ਨਹੀਂ ਪੂਰੇ ਵਿਸ਼ਵ ਵਿਚ ਹੈ।ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਪੰਥ ਦੀ ਪ੍ਰਤੀਨਿਧਤਾ ਨਹੀਂ ਕਰਦੇ।ਬਾਦਲ ਪੂਜਕ ਕੋਈ ਵੀ ਹੋਣ ਖਾਲਸਾ ਪੰਥ ਦੇ ਪ੍ਰਤੀਨਿਧ ਨਹੀਂ ਨਾ ਹੀ ਕਿਸਾਨਾਂ ਦੇ।ਖਾਲਸਾ ਪੰਥ ਕਿਸਾਨੀ ਦਾ ਸ਼ਾਹ ਸਵਾਰ ਹੈ।ਸਤਿਗੁਰੂ ਨਾਨਕ ਜੀ ਨੇ ਕਿਸਾਨੀ ਕਿਤਾ ਅਪਨਾਕੇ ਕਿਸਾਨਾਂ ਦੀ ਪ੍ਰਤੀਨਿਧਤਾ ਕੀਤੀ ਮਲਕ ਭਾਗੋਆਂ ਦਾ ਸਾਥ ਛਡਕੇ ਦਲਿਤਾਂ ਨੂੰ ਸਾਥੀ ਬਣਾਇਆ।ਦਸ ਪਾਤਸ਼ਾਹੀਆਂ ਦੇ ਅਸੂਲਾਂ ਉਪਰ ਚਲਦਿਆਂ ਕਿਸਾਨਾਂ ਦਬੇ ਕੁਚਲਿਆ ਨੂੰ ਸਰਦਾਰੀਆਂ ਜਮੀਨਾਂ ਬਖਸ਼ੀਆਂ।ਪਰ ਬਾਦਲ ਪਰਿਵਾਰ ਇਸ ਇਤਹਾਸ ਦੀ ਪੈਰਵਾਈ ਨਹੀਂ ਕਰਦਾ।ਖਾਲਸਾ ਜੀਉ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹਕਮ ਵਲ ਧਿਆਨ ਦੇਵੋ ਦਸਮ ਪਿਤਾ ਜੀ ਖ਼ਾਲਸੇ ਦੀ ਮਹਿਮਾ ਦਾ ਜ਼ਿਕਰ ਕਰਦੇ ਹਨ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ॥

ਮੇਰਾ ਕਥਨ ਹੈ ਜੇ ਖਾਲਸਾ ਮਜਬੂਤ ਹੈ ਤਾਂ ਪੰਜਾਬ ਦੇਸ ਵਿਸ਼ਵ ਮਜਬੂਤ ਹੈ ਕਿਉਂ ਕਿ ਖਾਲਸਾ ਅਕਾਲ ਪੁਰਖ ਦਾ ਦੂਤ ਹੈ ਜਿਸਨੇ ਸਤਿਗੁਰੂ ਦਾ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣਾ ਹੈ।ਲੋੜਵੰਦਾਂ ਦੀ ਬਾਂਹ ਫੜਨੀ ਹੈ।ਖਾਲਸਾ ਮਨੁਖਤਾ ਦਾ ਰਾਖਾ ਹੈ।ਅਕਾਲੀ ਦਲ ਰਹੇ ਨਾ ਰਹੇ ਪਰ ਜਿਹਨਾਂ ਚਿਰ ਖਾਲਸਾ ਪੰਥ ਗੁਰੂ ਗਰੰਥ ਸਾਹਿਬ ਦੀ ਸ਼ਰਨ ਵਿਚ ਸਤਿਗੁਰੂ ਦੇ ਸਿਧਾਂਤ ਉਪਰ ਪਹਿਰਾ ਦੇਵੇਗਾ ਸਿਖ ਪੰਥ ਚੜਦੀ ਕਲਾ ਵਿਚ ਰਹੇਗਾ। ਸੁਖਦੇਵ ਸਿੰਘ ਢੀਡਸਾ ਤੇ ਹੋਰ ਅਕਾਲੀ ਲੀਡਰਾਂ ਦਾ ਇਸ ਬਾਰੇ ਕੀ ਖਿਆਲ ਹੈ।ਜਥੇਦਾਰ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਸੁਖਬੀਰ ਦੇ ਇਸ ਵਿਚਾਰ ਬਾਰੇ ਚੁਪ ਕਿਉਂ ਹਨ। –ਪ੍ਰੋ.ਬਲਵਿੰਦਰ ਪਾਲ ਸਿੰਘ










# ਸਿਹਤ ਸੰਬੰਧੀ





## ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕਣਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ ’ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ “ਨਿਊਰੋਟ੍ਰਾਂਸਮਿਟਰ” ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ “ਐਂਟੀ ਆਕਸੀਡੈਂਟ” ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ “ਅਲਜ਼ਾਈਮਰਜ਼” (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ। 40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ।


ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ



**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ

ਹੋਮਿਓਪੈਥਿਕ ਉਪਚਾਰ:

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ “ਨਿਊਰੋਟ੍ਰਾਂਸਮਿਟਰ ਪ੍ਰਣਾਲੀ” ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ। ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ “30 ਪੋਟੈਂਸੀ” ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ। ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ। ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।






# ਕਵਿਤਾਵਾਂ

## ਬਿਨਾ ਟਿਕਟ ਸਫ਼ਰ

ਚਾਅ ਅਨੋਖਾ ਹੁੰਦਾ, ਇੰਡੀਆ ਜਾਵਣ ਦਾ,
ਸਕੇ ਸਬੰਧੀਆਂ ਨੂੰ, ਮਿਲਣ ਲਈ ਧਾਵਣ ਦਾ।
ਚਾਈਂ ਚਾਈਂ ਤਿਆਰੀ, ਖਿੱਚ ਲਈ ਸੀ ਸਾਰੀ,
ਕੱਪੜੇ, ਲੱਤੇ, ਤੋਹਫਿਆਂ, ਦੀ ਪੰਡ ਸੀ ਭਾਰੀ।
29 ਫਰਵਰੀ ਸਮਾਂ ਸੀ, ਤੜਕੇ ਏਅਰਪੋਰਟ ਵਾ.ਲਾ,
ਜਹਾਜ਼ੇ ਚੜ੍ਹਨ ਦਾ ਚਾਅ, ਪੈ ਰਿਹਾ ਸੀ ਕਾਹ.ਲਾ।
ਭੀੜ ਸੀ ਕਾਫੀ ਵਾਧੂ, ਚੈੱਕ ਇਨ ਲਾਈਨਾਂ ‘ਤੇ,
ਕਈ ਮਰਦ ਸਨ ਔਖੇ, ਬੀਬੀਆਂ ਮਾਈਆਂ ‘ਤੇ।
ਭਾਰੇ ਸੂਟਕੇਸ ਸਨ ਔਖੇ, ਖਿੱਚਣੇ ਮਰਦਾਂ ਲਈ,
ਪਰ ਸਭ ਕੁੱਛ ਝੱਲਣਾ ਪੈਂਦਾ, ਗ੍ਰਿਸਤੀ ਗਰਜ਼ਾਂ ਲਈ।
ਲਾਈਨ ਵਿੱਚ ਮੈਂ ਵੀ ਖੜ੍ਹਾ ਸੀ, ਚੈੱਕ ਇਨ ਖਾਤਰ,
ਗਿਣਤੀ ਜਾਣੂੰ ਲੋਕਾਂ ਦੀ ਵੀ, ਲੱਗਦੀ ਸੀ ਵਾਫਰ।
ਹਰੇਕ ਦੇ ਹੱਥਾਂ ਵਿੱਚ ਟਿਕਟਾਂ, ਪਾਸਪੋਰਟ ਵੀਜ਼ੇ ਸਨ,
ਪਰ ਮੇਰੇ ਹੱਥ ਸਨ ਖਾਲੀ, ਅਤੇ ਖਾਲੀ ਖੀਸੇ ਸਨ।
ਹਫੜਾ ਦਫੜੀ ਵਿੱਚ ਮੈਨੂੰ, ਤ੍ਰੇਲੀ ਆ ਗਈ ਸੀ,
ਸੋਚ ਸੋਚ ਮੇਰੀ ਸੋਚ ਵੀ, ਗੁੰਮ ਸੁੰਮ ਰਹਿ ਗਈ ਸੀ।
ਸ਼ਰਮਿੰਦਗੀ ਦਾ ਸੀ ਆਲਮ, ਅਤੇ ਘਬਰਾਹਟ ਦਾ,
ਠਕ ਠਕਾ ਸੁਣ ਰਿਹਾ ਸੀ, ਦਿਲ ਦੀ ਆਹਟ ਦਾ।
ਇਸ ਤੋਂ ਪਹਿਲਾਂ ਕਿ ਮੇਰਾ, ਦਿਲ ਹੋ ਜਾਂਦਾ ਫਿਹਲ,
ਚੁੱਪ ਕਰਕੇ ਖਿਸਕਣ ਦਾ, ਰਚਿਆ ਮੈਂ ਫਿਰ ਖੇਲ੍ਹ।
ਲਾਹਣਤਾਂ ਆਪਣੇ ਆਪ ਨੂੰ, ਪਾਈਆਂ ਮੈਂ ਬੜੀਆਂ,
ਜੱਗੋਂ ਬਾਹਰੀਆਂ ਕਿਉਂ ਸੀ, ਮੇਰੀਆਂ ਇਹ ਘੜੀਆਂ?
ਮਾਜਰਾ ਸਾਰਾ ਸੁਲਝਿਆ, ਅਖੀਰ ਉਦੋਂ ਸਾਰਾ,
ਜਦੋਂ ਇਹ ਟੁੱਟਿਆ ਸੁਪਨਾ, ਡਰਾਉਣਾ ਬੜਾ ਭਾਰਾ।
ਸ਼ੁਕਰ ਕੀਤਾ ਮੈਂ ਰੱਬ ਦਾ, ਲੱਖ ਕਰੋੜ ਵਾਰੀ,
ਜਦੋਂ ਇਹ ਸੱਚ ਤੋਂ ਝੂਠ, ਨਿਕ.ਲੀ ਕਹਾਣੀ ਸਾਰੀ।
ਸਲਾਹ ਮੇਰੀ ਹੈ ਸਭ ਨੂੰ, ਸੱਜਣੋਂ ਮਿੱਤਰੋ ਜੀ,
ਬਿਨਾ ਪੂਰੀ ਤਿਆਰੀ, ਘਰੋਂ ਨਾ ਨਿੱਕ.ਲੋ ਜੀ।
ਮੇਰੇ ਵਰਗੀ .ਗਲਤੀ ਕਰਿਓ, ਨਾ ਕਿਸੇ ਕੀਮਤ,
ਭਾਵੇਂ ਹੋਵੇ ਇਹ ਸੁਪਨਾ, ‘ਤੇ ਭਾਵੇਂ ਅਸਲੀਅਤ।
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਗੀਤ

ਬਹੁਤਾ ਮਾਣ ਨਾ ਕਰੀਏ ਲੋਕੋ ਚੜ੍ਹੀ ਜਵਾਨੀ ਦਾ
ਚਾਰ ਦਿਨਾਂ ਲਈ ਕਹਿੰਦੇ ਨੇ ਇਹ ਭੇਡ ਉੱਤੇ ਵੀ ਆਉਂਦੀ
ਕੋਠੀਆਂ, ਕਾਰਾਂ, ਪੈਸਾ ਇਹ ਕੋਈ ਵੱਡੀ ਚੀਜ਼ ਨਹੀਂ
ਇੱਜ਼ਤ ਹੈ ਅਨਮੋਲ, ਜਾਣ ਤੋਂ ਬਾਅਦ ਹੱਥ ਨਾ ਆਉਂਦੀ
ਕੀ ਗੋਰਾ ਕੀ ਕਾਲਾ ਰੰਗ ਤਾਂ ਦੋ ਹੀ ਹੁੰਦੇ ਨੇ
ਅਕਲ ਹੁੰਦੀ ਬਲਵਾਨ ਓ ਜਿਹੜੀ ਵਿਰਲੇ ਦੇ ਹੱਥ ਆਉਂਦੀ
ਮੁੱਛ ਖੜ੍ਹੀ ਦਾ ਕੀ ਐ ਇਹ ਤਾਂ ਆਮ ਹੀ ਫ਼ੈਸ਼ਨ ਹੈ
ਕਹਿਣ ਸਿਆਣੇ ਸੋਚ ਬੰਦੇ ਦੀ ਪਿੰਡ ਵਿੱਚ ਮਾਣ ਦਿਵਾਉਂਦੀ
ਤੁਰਲੇ ਵਾਲੀ ਪੱਗ ਵੀ ਲੋਕੋ ਉਸ ਦਿਨ ਰੁਲ਼ ਜਾਂਦੀ
ਘਰੋਂ ਭੱਜਕੇ ਧੀ ਜਦੋਂ ਹੈ ਲਵ ਮੈਰਿਜ਼ ਕਰਵਾਉਂਦੀ
ਨੰਬਰਦਾਰੀ ਤੇ ਸਰਪੰਚੀ ਉਸ ਦਿਨ ਡੁੱਬ ਜਾਂਦੀ
ਚਿੱਟਾ ਪੀ ਕੇ ਲਾਸ਼ ਪੁੱਤ ਦੀ ਘਰੇ ਜਦੋਂ ਹੈ ਆਉਂਦੀ
ਧਰਮ ਦਾ ਬਾਣਾ ਉਸ ਦਿਨ ਆਪੇ ਦਾ.ਗੀ ਹੋ ਜਾਂਦਾ
ਬਲਾਤਕਾਰ ਦੀ ਖ਼ਬਰ ਜਦੋਂ ਹੈ ਧਰਮ ਸਥਾਨ ਚੋਂ ਆਉਂਦੀ
ਢੱਡ, ਸਰੰਗੀ, ਤੂੰਬੀ ਰੋਂਦੇ ਨੇ ਅਲਗੋਜ਼ੇ ਵੀ
ਗੀਤਾਂ ਵਿੱਚੋਂ ਮਹਿਕ ਜਦੋਂ ਨਾ ਵਿਰਸੇ ਦੀ ਹੈ ਆਉਂਦੀ
ਸੱਭਿਆਚਾਰ ਵੀ ਲੀਰੋ ਲੀਰੀ ਓਦੋਂ ਹੋ ਜਾਂਦਾ
ਗੀਤਾਂ ਵਿੱਚ ਮੁਟਿਆਰ ਜਦੋਂ ਹੈ ਫਿਰਦੀ ਜਿਸਮ ਦਿਖਾਉਂਦੀ
ਓਸ ਵੇਲੇ ਮਰਯਾਦਾ ਗਹਿਰੀ ਸੋਚੀਂ ਪੈ ਜਾਂਦੀ
ਬੰਨ੍ਹ ਦੁਮਾਲਾ ਸੁਰਖ਼ੀ ਲਾ ਕੋਈ ਜਦੋਂ ਸਟੇਟਸ ਪਾਉਂਦੀ
ਗੁਰਜੰਟ ਜਿਉਂਦੀ ਮਰ ਜਾਂਦੀ ਓਦੋਂ ਸਭਾ ਲਿਖਾਰੀਆਂ ਦੀ
ਮਾਂ ਬੋਲੀ ਜਦ ਫਿਰਦੀ ਲੋਕੋ ਆਪਣੀ ਜਾਨ ਬਚਾਉਂਦੀ
ਮਾਂ ਬੋਲੀ ਜਦ ਫਿਰੇ ਵਾਸਤਾ ਲੋਕਾਂ ਅੱਗੇ ਪਾਉਂਦੀ
ਮਾਂ ਬੋਲੀ ਜਦ ਫਿਰੇ ਵਾਸਤਾ ਪੁੱਤਰਾਂ ਅੱਗੇ ਪਾਉਂਦੀ
ਗੁਰਜੰਟ ਸਿੰਘ ਪਟਿਆਲਾ

## ਹਿੰਮਤ ਦਾ ਹੈ ਰੱਬ ਹਮਾਇਤੀ

ਜੇਹਾ ਬੀਜਿਆ ਤੇਹਾ ਵੱਢਣਾ ਦੋਸ ਕਿਸੇ ਨੂੰ ਦੇਣਾ ਕੀ।
ਅਪਣੇ ਹੀ ਜਦ ਧੋਖਾ ਦੇਵਣ ਹੋਰ ਕਿਸੇ ਨੂੰ ਕਹਿਣਾ ਕੀ।
ਮੰਜ਼ਿਲ ਵੱਲ ਨੂੰ ਵਧਦੇ ਰਹੀਏ ਪਿੱਛੇ ਕਦਮ ਟਿਕਾਈਏ ਨਾ
ਜੇਹੜੇ ਰਾਹੀਂ ਰੋੜ ਤੇ ਕੰਡੇ ਉਨ੍ਹੀ ਰਾਹੀਂ ਪੈਣਾ ਕੀ।
ਸੱਚੀ ਸੁੱਚੀ ਸੋਚ ਬਣਾਈਏ ਮੈਲ ਮਨਾ ਵਿੱਚ ਰੱਖੀਏ ਨਾ
ਜਿੱਥੇ ਨਿੰਦਿਆ ਚੁਗਲੀ ਹੋਵੇ ਉਹ ਲੋਕਾਂ ਵਿੱਚ ਬਹਿਣਾ ਕੀ।
ਹਿੰਮਤ ਦਾ ਹੈ ਰੱਬ ਹਮਾਇਤੀ ਹਿੰਮਤ ਕਰਨੀ ਛੱਡੀਏ ਨਾ
ਕੰਮ ਛੋਟਾ ਜਾ ਵੱਡਾ ਹੋਵੇ ਕੰਮ ਕਰਨ ਦਾ ਮੇਹਣਾ ਕੀ।
ਬੇਈਮਾਨੀ ਨਾਲ ਧਨ ਜੋੜਿਆ ਕਾਰਨ ਬਣਦਾ ਦੁੱਖਾਂ ਦਾ
ਵੇਖ ਹੋਰਾਂ ਨੂੰ ਝੁਰੇਂ ਤੂੰ ਕਾਹਤੋਂ ਤੂੰ ਦੱਸ ਕਿਸੇ ਤੋਂ ਲੈਣਾ ਕੀ।
ਹੀਰੇ ਲਾਲ ਜਵਾਹਰ ਕੀਮਤੀ ਸੋਨਾ ਚਾਂਦੀ ਜੋੜ ਲਿਆ
ਮਲਕੀਤ ਗਿੱਲ ਤੰਦਰੁਸਤੀ ਵਰਗਾ ਜ਼ਿੰਦਗੀ ਵਿੱਚ ਦੱਸ ਗਹਿਣਾ ਕੀ।

**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ 9417490943**

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC
“ਆਪਣੇ ਭਾਈਚਾਰੇ ਦਾ ਮਾਣ”
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS


FRASERVIEW MEATS
Fresh tastes better
The Name of Guaranteed Quality Meats
Number One Quality Meat in Lower Mainland
We also sell cooked chicken We take orders for all occassion
Serving You Since 1993
Try our Special Chicken Tikkar
Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com


Rai
Express Lines Ltd.
Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit
Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8


ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ
ਬੈਂਕੁਇਟ ਹਾਲ 150 ਸੀਟਾਂ ਵਾਲਾ
ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ
SHAHI CATERING
SWEETS & RESTAURANT
WE DO CATERING ALL OVER BC
778-565-4141 778-928-4522
12815 - 85 Avenue, Surrey BC
50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ
ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ, ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)